PUNJAB AGRO

PUNJAB AGRO'S FIVE RIVERS



## DEPARTMENT OF AGRICULTURE AND FARMERS WELFARE


**PUNJAB AGRI EXPORT CORPORATION LTD.**

Plot No. 2A, Sector 28 A, Madhya Marg, Chandigarh 160 002

www.punjabagro.co.in


GUIDELINES FOR THE IMPLEMENTATION OF

# FARMER PRODUCERS ORGANIZATIONS (FPOS) POLICY FOR STATE OF PUNJAB

PUNJAB AGRO

## ਇੰਡੈਕਸ


| ਕ੍ਰਮ ਸੰਖਿਆ | ਵੇਰਵਾ | ਪੰਨਾ ਨੰਬਰ |
|---|---|---|
| 1 | ਪੰਜਾਬ ਰਾਜ ਲਈ ਕਿਸਾਨ ਉਤਪਾਦਕ ਸੰਗਠਨ (ਐਫ.ਪੀ.ਓਜ) ਨੀਤੀ | 3 |
| 2 | ਕੰਮਕਾਜੀ ਨਿਗਰਾਨ ਲੀਹਾਂ | 10 |
| 3 | ਪ੍ਰਪੋਜ਼ਲ ਫਾਰਮ (ਪ੍ਰਸਤਾਵ ਫਾਰਮ) | 16 |
| 4 | **FAQs** | 19 |
| 5 | 'ਵਿੱਤ ਸੁਵਿਧਾ ਅਧੀਨ' ਖੇਤੀਬਾੜੀ ਆਧਾਰੀ ਸੰਰਚਨਾ ਫੰਡ | 22 |


ਉਮੀਦ ਦਾ ਸੂਰਜ :ਆਸ ਦੀ ਕਿਰਨ:

## ਪੰਜਾਬ ਸਰਕਾਰ ਦਾ ਉੱਦਮ
## ਕਿਸਾਨੀ ਨੂੰ ਸੰਕਟ ਵਿੱਚੋਂ ਕੱਢਣ ਦਾ ਉਪਰਾਲਾ:

# ਕਿਸਾਨ ਉਤਪਾਦਕ ਸੰਗਠਨ (ਐੱਫ.ਪੀ.ਓ.)

ਅੱਜ ਕਿਸਾਨੀ ਸੰਕਟ ਵਿੱਚ ਹੈ, ਉਸ ਦੇ ਪੈਦਾਵਾਰੀ ਲਾਗਤ ਖਰਚੇ ਵੱਧ ਗਏ ਹਨ ਅਤੇ ਉਪਜ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ। ਸਿੱਟੇ ਵਜੋਂ ਉਸ ਦੀ ਆਮਦਨ ਘੱਟ ਰਹੀ ਹੈ, ਜੀਵਨ ਪੱਧਰ ਬਣਾਈ ਰੱਖਣਾ ਮੁਸ਼ਕਿਲ ਹੋ ਰਿਹਾ ਹੈ। ਅਜਿਹੀਆਂ ਮੁਸ਼ਕਿਲਾਂ ਕਰਕੇ ਉਹ ਕਰਜ਼ੇ ਦੇ ਜਾਲ ਵਿੱਚ ਫਸ ਗਿਆ ਹੈ, ਨਿਰਾਸ਼ ਹੋਇਆ ਨਸ਼ੇ ਕਰ ਰਿਹਾ ਹੈ ਅਤੇ ਆਤਮ ਹੱਤਿਆਵਾਂ ਵੀ ਹੋ ਰਹੀਆਂ ਹਨ। ਛੋਟਾ ਕਿਸਾਨ ਆਪਣੇ ਆਪ ਨੂੰ ਅੰਤ ਦੇ ਸਮੇਂ ਮਿਲਿਆ - ਉਸਦੀ ਰੋਜ਼ੀ-ਰੋਟੀ ਨੂੰ ਅਸਥਿਰਤਾ, ਮੁਕਾਬਲੇਬਾਜ਼ੀ ਅਤੇ ਖੇਤ ਦੀ ਭੰਡਾਰਨ ਦੇ ਟੁੱਟਣ ਦੇ ਮਾਹੌਲ ਵਿੱਚ ਖ਼ਤਰਾ ਹੈ। ਉਸਨੇ ਬਹੁਤ ਸਾਰੇ ਮੁੱਦਿਆਂ ਦਾ ਸਾਹਮਣਾ ਕੀਤਾ ਜਿਸ ਵਿੱਚ ਕ੍ਰੈਡਿਟ ਅਤੇ ਮਾਰਕੀਟ ਤੱਕ ਪਹੁੰਚ ਦੀ ਘਾਟ, ਅਤੇ ਤਕਨਾਲੋਜੀ ਨੂੰ ਅਪਣਾਉਣਾ ਸ਼ਾਮਲ ਹੈ। ਪਰ ਇਸ ਦੀ ਬਜਾਏ ਕਿ ਇਕੱਲੇ ਇਕੱਲੇ ਕਿਸਾਨ ਆਪਣੇ ਨਿਯੰਤਰਣ ਤੋਂ ਬਾਹਰ ਕਈ ਹਾਲਤਾਂ ਵਿਚ ਸੰਘਰਸ਼ ਕਰ ਰਿਹਾ ਹੈ, ਕੀ ਉਹ ਆਪਸੀ ਸਹਾਇਤਾ ਅਤੇ ਸਮੂਹਕ ਕਾਰਵਾਈ ਲਈ ਸਮੂਹਕ ਦਾ ਹਿੱਸਾ ਨਹੀਂ ਬਣ ਸਕਦਾ? ਯਕੀਨਨ! ਇਸ ਸੰਕਟ ਸਥਿਤੀ ਵਿੱਚੋਂ ਨਿਕਲਣ ਦਾ ਤਰੀਕਾ ਹੈ ਕਿ ਪੈਦਾਵਾਰੀ ਲਾਗਤ ਖ਼ਰਚ ਘਟਾਏ ਜਾਣ ਅਤੇ ਉਪਜ ਦਾ ਵਧੇਰੇ ਮੁੱਲ ਮਿਲੇ ਪਰ ਹੁਣ ਮਸਲਾ ਪੈਦਾ ਹੁੰਦਾ ਹੈ ਕਿ ਇਹ ਕਿਵੇਂ ਹੋਵੇ ? ਭਾਈਚਾਰਕ ਸਾਂਝ ਅਤੇ ਭਾਈਵਾਲੀ ਨਾਲ ਕੀ ਕਿਸਾਨ ਇੱਕ ਕਿਸਾਨ ਕਾਰੋਬਾਰ ਸਮੂਹ ਸਥਾਪਤ ਨਹੀਂ ਕਰ ਸਕਦੇ?

ਛੋਟੇ ਕਿਸਾਨਾਂ ਦੇ ਯੋਗਦਾਨ ਨੂੰ ਇੱਕ ਵਧੀਆ ਵਿੱਤੀ ਤੌਰ ਤੇ ਸਥਿਰ ਸ਼ਕਤੀ ਬਣਾਉਣ ਲਈ ਇਕੱਠਾ ਕੀਤਾ ਜਾ ਸਕਦਾ ਹੈ। ਇਸ ਨਾਲ ਕਿਸਾਨਾਂ ਦੀ ਫਸਲ ਅਤੇ ਫਸਲਾਂ ਦੇ ਉਤਪਾਦਾਂ ਦੀ ਸੌਦੇਬਾਜ਼ੀ ਦੀ ਸ਼ਕਤੀ ਮਜ਼ਬੂਤ ਹੋ ਜਾਂਦੀ ਹੈ ਅਤੇ ਮਾਰਕੀਟਿੰਗ ਸ਼ਕਤੀ ਵਧੇਗੀ। ਇਹ ਪੈਮਾਨਿਆਂ ਦੀ ਆਰਥਿਕਤਾ ਨੂੰ ਪ੍ਰਾਪਤ ਕਰਨ ਲਈ ਕਿਸਾਨਾਂ ਕੋਲ ਉਪਲਬਧ ਸਰੋਤਾਂ ਦੀ ਸਰਬੋਤਮ ਵਰਤੋਂ ਵਿਚ ਮਦਦ ਕਰ ਸਕਦਾ ਹੈ। ਖੇਤੀ ਲਈ ਲੋੜੀਂਦੀਆਂ ਚੀਜ਼ਾਂ ਅਤੇ ਮਸ਼ੀਨਰੀ ਸਮੂਹਿਕ ਤੌਰ 'ਤੇ ਵਰਤੀਆਂ ਜਾਣਗੀਆਂ ਅਤੇ ਨਤੀਜੇ ਵਧੀਆ ਹੋਣਗੇ।ਕਿਸਾਨ ਨਿਰਮਾਤਾ ਸੰਗਠਨ ਸਮੇਂ ਦੀ ਜਰੂਰਤ ਹੈ ਅਤੇ ਕਿਸਾਨ ਭਾਈਚਾਰੇ ਦੇ ਸਸ਼ਕਤੀਕਰਨ ਵੱਲ ਇੱਕ ਕਦਮ ਹੈ। ਕਿਸਾਨ ਨੂੰ

ਪੈਦਾਵਾਰ ਲਈ ਜ਼ਰੂਰੀ ਚੀਜ਼ਾਂ ਵਸਤਾਂ ਜਿਵੇਂ ਬੀਜ, ਖਾਦ, ਨਦੀਨਨਾਸ਼ਕ, ਕੀਟਨਾਸ਼ਕ,ਤੇਲ ਆਦਿ ਸਸਤੇ ਭਾਅ ਤੇ ਮਿਲਣ ।ਖੇਤੀ ਲਈ ਲੋੜੀਂਦੀ ਮਸ਼ੀਨਰੀ ਜਿਵੇਂ ਟਰੈਕਟਰ- ਟਰਾਲੀਆਂ, ਟਿਊਬਵੈਲ, ਸਪ੍ਰੇਅ ਮਸ਼ੀਨਾਂ, ਹਲ, ਬੀਜਣ ਵਾਲੀਆਂ ਮਸ਼ੀਨਾਂ, ਕੰਬਾਈਨਾਂ ਆਦਿ ਸਾਂਝੀਆਂ ਹੋਣ ਜਾਂ ਸਸਤੀਆਂ ਕਿਰਾਏ ਤੇ ਮਿਲਣ। ਦੂਜੇ ਪਾਸੇ ਉਸ ਦੀ ਫਸਲ ਦਾ ਪੂਰਾ ਮੁੱਲ ਮਿਲੇ, ਪੂਰਾ ਮੁੱਲ ਤਾਂ ਹੀ ਮਿਲ ਸਕਦਾ ਹੈ ਜੇ ਉਹ ਮੰਡੀ ਦੀਆਂ ਲੋੜਾਂ ਅਨੁਸਾਰ ਚੀਜ਼ਾਂ ਪੈਦਾ ਕਰੇ ਜਿਸ ਦੀ ਨਾ ਕੇਵਲ ਸਥਾਨਕ ਪੰਜਾਬ ਪੱਧਰ ਜਾਂ ਰਾਸ਼ਟਰੀ ਦੇਸ਼ ਪੱਧਰ ਦੀ ਮੰਡੀ ਦੀ ਜ਼ਰੂਰਤ ਹੋਵੇ ਸਗੋਂ ਅੰਤਰਰਾਸ਼ਟਰੀ ਪੱਧਰ ਤੇ ਬਾਹਰਲੇ ਦੇਸ਼ਾਂ ਨੂੰ ਵੀ ਭੇਜ/ ਵੇਚ ਸਕੇ ਪਰ ਅਜਿਹਾ ਕੁਝ ਕੀ ਇਕੱਲਾ ਕਿਸਾਨ ਕਰ ਸਕਦਾ ਹੈ? ਬਿਲਕੁਲ ਨਹੀਂ ਕਰ ਸਕਦਾ, ਇਸ ਲਈ ਜ਼ਰੂਰੀ ਹੈ ਕਿ ਕੋਈ ਪਿੰਡ ਪੱਧਰ ਜਾਂ ਇਲਾਕਾ ਪੱਧਰ ਤੇ ਸਾਂਝਾ ਸੰਗਠਨ ਹੋਵੇ, ਜਿਸ ਦੀ ਸਾਂਝੀ ਮਸ਼ੀਨਰੀ ਹੋਵੇ, ਆਪਣੇ ਖੇਤੀ ਮਾਹਰ ਹੋਣ ਅਤੇ ਆਪਣੀ ਵਪਾਰ ਤੇ ਮੰਡੀ ਦੀ ਸਮਝ ਰੱਖਣ ਵਾਲੇ ਲੋਕ ਵੀ ਹੋਣ।ਇਸ ਲਈ ਜ਼ਰੂਰੀ ਹੈ ਕਿ ਕਿਸਾਨਾਂ ਦੇ ਆਪਣੇ ਉਤਪਾਦਕ ਸੰਗਠਨ ਹੋਣ ਜੋ ਰਲਮਿਲ ਕੇ ਕੰਮ ਕਰਨ। ਮਿਸਾਲ ਵਜੋਂ ਜੇ ਕਈ ਕਿਸਾਨ ਰਲਕੇ ਇਕੱਠੇ ਬੀਜ, ਖਾਦ, ਕੀਟਨਾਸ਼ਕ, ਨਦੀਨਨਾਸ਼ਕ ਖਰੀਦਦੇ ਹਨ ਤਾਂ ਉਹ ਥੋਕ ਦੇ ਭਾਅ ਭਾਵ ਘੱਟ ਕੀਮਤ ਤੇ ਚੀਜ਼ ਖਰੀਦ ਸਕਦੇ ਹਨ। ਫਾਇਦਾ ਕੇਵਲ ਸਸਤੀ ਚੀਜ਼ ਖਰੀਦਣ ਕਾਰਨ ਨਹੀਂ ਸਗੋਂ ਜੇ ਚੀਜ਼ ਮਿਆਰੀ ਨਾ ਹੋਵੇ ਤਾਂ ਇਕੱਠੇ ਹੋ ਕੇ ਮੁਆਵਜ਼ੇ ਦਾ ਦਾਅਵਾ ਵੀ ਕਰ ਸਕਦੇ ਹਨ।





ਪੰਜਾਬ ਦੇ ਕਿਸਾਨ ਖ਼ਾਸ ਕਰਕੇ ਛੋਟੇ ਅਤੇ ਸੀਮਾਂਤ ਕਿਸਾਨ, ਸੀਮਤ ਹਾਸਲ ਸਾਧਨਾਂ, ਵਧ ਰਹੀਆਂ ਆਦਾਨ ਕੀਮਤਾਂ(ਅਨੁ–ਖੇਤੀ ਲਾਗਤਾਂ), ਮਾੜੀਆਂ ਮੌਸਮੀਂ ਤਬਦੀਲੀਆਂ ਅਤੇ ਮੰਡੀ ਜੋਖ਼ਮਾਂ ਕਾਰਨ ਬੜੇ ਔਖੇ ਸਮੇਂ ਵਿਚੋਂ ਗੁਜ਼ਰ ਰਹੇ ਹਨ। ਅਨੁਮਾਨ ਲਗਾਇਆ ਜਾਂਦਾ ਹੈ ਕਿ ਭਵਿੱਖ ਵਿਚ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਗਿਣਤੀ ਵਿਚ ਹੋਰ ਵੀ ਵਾਧਾ ਹੋਵੇਗਾ ਕਿਉਂਕਿ ਹੱਥ ਹੇਠਲੀ ਭੌਂਇ ਹੋਰ ਵੀ ਵੰਡੀ ਜਾ ਰਹੀ ਹੈ। ਥੋੜ੍ਹੀ ਜ਼ਮੀਨ ਨਾਲ ਕਿਸਾਨਾਂ ਨੂੰ ਖੇਤੀ ਦੇ ਕੰਮ ਕਰਨੇ ਆਰਥਿਕ ਪੱਖੋਂ ਹੋਰ ਵੀ ਔਖੇ ਹੋ ਜਾਣਗੇ। ਇਸ ਲਈ ਇਹ ਚਣੌਤੀ ਪੈਦਾ ਹੋ ਗਈ ਹੈ ਕਿ ਅਜਿਹੇ ਟਿਕਾਊ ਵਿਕਾਸ ਵਾਲੇ ਹੱਲ ਲੱਭੇ ਜਾਣ ਜਿਹੜੇ ਕੁਸ਼ਲ ਹੋਣ ਅਤੇ ਵਾਤਾਵਰਨ ਪੱਖੀ ਹੋਣ ਦੇ ਨਾਲੋ ਨਾਲ ਛੋਟੇ ਅਤੇ ਸੀਮਾਂਤ ਕਿਸਾਨਾਂ ਦੀਆਂ ਲੋੜਾਂ ਵੀ ਪੂਰੀਆਂ ਕਰ ਸਕਣ। ਕਿਸਾਨ ਉਤਪਾਦਨ ਸੰਗਠਨ(ਐਫ.ਪੀ.ਓ)ਅਜਿਹੇ ਮੌਕੇ ਪੈਦਾ ਕਰ ਸਕਦਾ ਹੈ। ਐਫ.ਪੀ.ਓ. ਦਾ ਉਦੇਸ਼ ਉਤਪਾਦਕਾਂ ਨੂੰ, ਉਨ੍ਹਾਂ ਦੇ ਆਪਣੇ ਸੰਗਠਨ ਰਾਹੀਂ ਵਧੇਰੇ ਚੰਗੀ ਆਮਦਨੀ ਦੇਣਾ ਹੈ। ਇਸ ਮੇਲਜੋਲ ਦੇ ਰਾਹੀਂ ਬੁਨਿਆਦੀ(ਅਨੁ–ਅਸਲ ਮੂਲ)ਉਤਪਾਦਕ ਖਰੀਦ ਅਤੇ ਵੇਚ ਦੋਹਾਂ ਖੇਤਰਾਂ ਵਿਚ ਆਰਥਿਕ ਪੱਧਰ ਤੇ ਲਾਭ ਪ੍ਰਾਪਤ ਕਰ ਸਕਦੇ ਹਨ।

## ਦ੍ਰਿਸ਼ਟੀ

ਪੰਜਾਬ ਵਿਚ ਮੈਂਬਰਾਂ ਵੱਲੋਂ ਆਪਣਾ ਹੀ ਉਤਪਾਦਕ ਸੰਗਠਨ ਸਿਰਜਣਾ, ਚਲਾਉਣਾ ਅਤੇ ਉਸ ਨੂੰ ਪੇਸ਼ਾਵਾਰ ਢੰਗ ਨਾਲ ਵਿਕਸਤ ਕਰਨਾ ਹੈ ਤਾਂ ਜੋ ਉਹ ਰਾਸ਼ਟਰੀ ਮੰਡੀ ਵਿਚ ਆਗਵਾਨੂੰ ਬਣ ਸਕਣ। ਕਿਸਾਨ, ਸਾਂਝੇ ਸਰਕਾਰ ਸਮਰਥਨ ਪ੍ਰਾਪਤ ਯਤਨਾਂ ਨਾਲ ਵਖ ਵਖ ਹਿਤਾਂ ਵਾਲਿਆਂ ਨਾਲ ਲਾਹੇਵੰਦ ਸਹਿਯੋਗ ਸਥਾਪਿਤ ਕਰਕੇ ਨਿਪੁੰਨਤਾ ਨਾਲ, ਘੱਟ ਲਾਗਤ ਵਿੱਚ, ਟਿਕਾਊ ਸਾਧਨਾਂ ਰਾਹੀਂ ਪੈਦਾਵਾਰ ਵਿਚ ਵਾਧਾ ਕਰ ਸਕਣ ਅਤੇ ਖਪਤਕਾਰ ਤਕ ਆਪਣੀ ਪੈਦਾਵਾਰ ਦੀ ਸਹੀ ਕਦਰ–ਕੀਮਤ ਬਣਾ,ਪਹੁੰਚਾ ਤੇ ਸੰਚਾਰ ਕੇ ਉੱਚ ਵਸੂਲੀ ਪ੍ਰਾਪਤ ਕਰ ਸਕਣ।

## ਉਦੇਸ਼

- ਟਿਕਣਯੋਗ, ਆਰਥਿਕ ਤੌਰ ਤੇ ਲਾਹੇਵੰਦ, ਸਵੈ ਪ੍ਰਬੰਧਿਤ ਕਿਸਾਨ ਉਤਪਾਦਕ ਸੰਗਠਨਾਂ(ਐਫ.ਪੀ.ਓਜ਼) ਨੂੰ ਪ੍ਰਫੁੱਲਤ ਕਰਨ ਲਈ ਮਾਹਰ ਅਤੇ ਸਾਧਨ ਪ੍ਰਦਾਨ ਕਰਨਾ(ਨੀਤੀਗਤ ਕਾਰਵਾਈਆਂ, ਆਦਾਨ ਸਮੱਗਰੀ, ਤਕਨੀਕੀ ਗਿਆਨ, ਵਿਤੀ ਸਾਧਨ ਅਤੇ ਬੁਨਿਆਦੀ ਢਾਂਚਾ) ਤਾਂ ਜੋ ਇਨ੍ਹਾਂ ਐਫ.ਪੀ.ਓ. ਵਿਚ ਮਜਬੂਤੀ ਲਿਆਂਦੀ ਜਾ ਸਕੇ।
- ਕਿਸਾਨਾਂ ਨੂੰ ਖਰੀਦਦਾਰਾਂ ਅਤੇ ਵਿਕ੍ਰੇਤਾਵਾਂ ਦੋਹਾਂ ਵਜੋਂ ਐਫ.ਪੀ.ਓਜ਼ ਰਾਹੀਂ ਮੰਡੀਆਂ ਵਿਚ ਪਹੁੰਚ ਕਰਨ ਲੱਗਿਆਂ ਆਉਂਦੀਆਂ ਮੁਸ਼ਕਲਾਂ ਨੂੰ ਦੂਰ ਕਰਨਾ।
- ਸਮੂਹਿਕ ਉਤਪਾਦਨ ਅਤੇ ਮੰਡੀਕਰਨ ਦੀ ਸ਼ਕਤੀ ਵਧਾਉਣ ਲਈ, ਐਫ.ਪੀ.ਓਜ਼ ਵਿਚ ਨਿਵੇਸ਼ ਲਈ ਯੋਗ ਨੀਤੀ ਵਾਤਾਵਰਨ ਪੈਦਾ ਕਰਨਾ।
- ਮੰਡੀਕਰਨ ਨਿਪੁੰਨਤਾਵਾਂ ਵਿਚ ਸੁਧਾਰ ਲਿਆਉਣਾ ਅਤੇ ਪ੍ਰਾਪਤ ਢੰਗਾਂ ਜਿਸ ਵਿਚਡਿਜੀਟਲ ਢੰਗ ਵੀ ਸ਼ਾਮਲ ਹੈ ਜਿਵੇਂ ਈ.ਨਾਮ (e-NAM) ਅਤੇ ਹੋਰ ਪ੍ਰਵੇਸ਼ ਦੁਆਰਾਂ (Portal) ਦੀ ਵਰਤੋਂ ਰਾਹੀਂ ਮੰਡੀਆਂ ਦੇ ਅੰਦਰ ਅਤੇ ਬਾਹਰ ਸਮੂਹਿਕ ਸੌਦੇਬਾਜੀ ਰਾਹੀਂ ਵੱਧ ਤੋਂ ਵੱਧ ਮੁੱਲ ਵਸੂਲ ਕਰਨਾ।
- ਇਹ ਪ੍ਰਬੰਧ ਕਰਨਾ ਕਿ ਐਫ.ਪੀ.ਓਜ਼. ਆਪਣੇ ਖਰਚਿਆਂ ਦੀ ਪੂਰਤੀ ਲਈ ਕਾਫੀ ਵਸੀਲੇ ਪੈਦਾ ਕਰ ਸਕਣ ਅਤੇ ਕਿਸਾਨ ਮੈਂਬਰਾਂ ਤੋਂ ਵਿਕਰੀ ਅਤੇ ਖੇਤੀ ਆਦਾਨਾਂ ਦੇ ਸਬੰਧ ਵਿਚ ਵਸੂਲੀ ਕਰ ਸਕਣ।
- ਐਫ.ਪੀ.ਓਜ਼. ਨੂੰ ਵਿਕਾਸ ਸੰਸਥਾਵਾਂ ਵਾਂਗ ਉੱਨਤ ਕਰਨਾ ਜੋ ਮੈਂਬਰਾਂ ਨੂੰ ਝਟਕੇ ਝੱਲਣ ਦੇ ਸਮਰੱਥ ਬਣਾਉਣ ਅਤੇ ਪੇਂਡੂ ਸਮਾਜ ਦੀ ਸਮਾਜਿਕ ਅਤੇ ਸਭਿਆਚਾਰਕ ਉੱਨਤੀ ਨੂੰ ਯਕੀਨੀ ਬਣਾ ਸਕਣ।

## ਮੰਤਵ ਤੇ ਖੇਤਰ

- ਇਹ ਨੀਤੀ ਦੇ ਉਪਬੰਧ, ਉਨ੍ਹਾਂ ਐਫ.ਪੀ.ਓਜ਼ ਤੇ ਬਰਾਬਰ ਲਾਗੂ ਹੋਣਗੇ, ਜਿਹੜੇ ਪਹਿਲਾਂ ਹੀ ਕੰਪਨੀਜ਼ ਐਕਟ ਜਾਂ ਸੋਸਾਇਟੀ ਰਜਿਸਟ੍ਰੇਸ਼ਨ ਐਕਟ 1860 ਜਾਂ ਵੱਖ ਵੱਖ ਕੇਂਦਰੀ ਅਤੇ ਰਾਜ ਸਹਿਕਾਰੀ ਸਭਾ ਕਾਨੂੰਨਾਂ ਅਧੀਨ ਪਹਿਲਾਂ ਹੀ ਪੰਜੀਕ੍ਰਿਤ (ਰਜਿਸਟਰਡ) ਹੋ ਚੁੱਕੇ ਹਨ ਅਤੇ ਉਹ ਐਫ.ਪੀ.ਓਜ਼ ਜਿਹੜੇ ਇਸ ਨੀਤੀ ਦੇ ਜਾਰੀ ਕਰਨ ਤੋਂ ਬਾਅਦ ਰਜਿਸਟਰਡ ਹੋਣਗੇ।

- ਇਸ ਨੀਤੀ ਅਧੀਨ ਲਾਭ ਪ੍ਰਾਪਤ ਕਰਨ ਲਈ ਐਫ.ਪੀ.ਓਜ਼ ਲਈ ਮੁੱਖ ਯੋਗਤਾਪੈਮਾਨਾ ਇਹ ਹੈ ਕਿ ਸੰਸਥਾ ਰਜਿਸਟਰਡ ਹੋਵੇ ਅਤੇ ਕਿਸਾਨਾਂ ਦੇ ਸੰਗਠਨ ਦੁਆਰਾ ਪ੍ਰਬੰਧਿਤ ਹੋਵੇ ਅਤੇ ਸੰਗਠਨ ਦਾ ਮੁੱਖ ਕੰਮ ਖੇਤੀਬਾੜੀ ਅਤੇ ਸਬੰਧਤ ਖੇਤਰਾਂ ਦਾ ਹੋਵੇ। ਇਸ ਤੋਂ ਅੱਗੇ ਇਹ ਲਾਜ਼ਮੀ ਹੈ ਕਿ ਵਖ ਵਖ ਲਾਭ ਪ੍ਰਾਪਤ ਕਰਨ ਲਈ ਐਫ.ਪੀ.ਓਜ਼ ਰਾਜ ਦੀ ਨੋਡਲ ਏਜੰਸੀ(ਐਸ.ਐਨ.ਏ)ਨਾਲ ਰਜਿਸਟਰਡ ਹੋਵੇ, ਜਿਵੇਂ ਕਿ ਇਸ ਨੀਤੀ ਵਿਚ ਬਿਆਨ ਕੀਤਾ ਗਿਆ ਹੈ।

ਐਫ.ਪੀ.ਓਜ਼ ਦੀ ਬਣਤਰ ਬਣਾਉਣ ਅਤੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਸਰਗਰਮੀ ਅਤੇ ਉਤਸ਼ਾਹ ਨਾਲ ਸਮਰਥਨ ਦਿੱਤਾ ਜਾਵੇਗਾ। ਵਖ ਵਖ ਕੇਂਦਰ ਪ੍ਰਯੋਜਿਤ ਅਤੇ ਰਾਜ ਸਰਕਾਰਾਂ ਦੀਆਂ ਸਕੀਮਾਂ ਅਧੀਨ ਪਹਿਲਾਂ ਹੀ ਨਿਰਧਾਰਤ ਵਿੱਤੀ ਸਾਧਨ,ਸ਼ਕਤੀਸ਼ਾਲੀ ਅਤੇ ਲਾਹੇਵੰਦ ਐਫ.ਪੀ.ਓਜ਼ ਵਿਕਸਤ ਕਰਨ ਲਈ ਵਰਤੇ ਜਾ ਸਕਦੇ ਹਨ। ਰਾਜ ਵੱਲੋਂ ਖੇਤੀਬਾੜੀ ਵਿਭਾਗ ਵਿਚ ਵਿਸ਼ੇਸ਼ ਬੱਜਟ ਦਾ ਉਪਬੰਧ ਕਰਨ ਦੀ ਜ਼ਿੰਮੇਵਾਰੀ ਲਈ ਜਾਵੇਗੀ ਅਤੇ ਕਿਸਾਨਾਂ ਦੀ ਭਲਾਈ ਲਈ ਐਫ.ਪੀ.ਓਜ਼ ਨੂੰ ਵਿਤੀ ਸਹਾਇਤਾ ਦਿੱਤੀ ਜਾਵੇਗੀ, ਜਿਸ ਵਿਚ ਰਾਜ ਨੋਡਲ ਏਜੰਸੀ ਨੂੰ ਮਜਬੂਤ ਕਰਨ ਲਈ ਸਹਾਇਤਾ ਦੇਣੀ ਵੀ ਸ਼ਾਮਲ ਹੈ। ਐਫ.ਪੀ.ਓਜ਼ ਦੇ ਪ੍ਰਭਾਵੀ, ਨਿਪੁੰਨ ਅਤੇ ਲਾਭਦਾਇਕ ਕੰਮਕਾਰ ਨੂੰ ਉਤਸ਼ਾਹਿਤ ਕਰਨ ਲਈ ਆਮ ਬੁਨਿਆਦੀ ਢਾਂਚਾ ਸਹੂਲਤਾਂ ਪੈਦਾ ਕਰਨ ਲਈ ਵਿਤੀ ਸਹਾਇਤਾ ਵੀ ਦਿੱਤੀ ਜਾਵੇਗੀ।

# ਐਫ.ਪੀ.ਓਜ਼ ਅਤੇ ਮੈਂਬਰ

- ਕਿਸਾਨ ਉਤਪਾਦਕ ਸੰਗਠਨ(ਐਫ.ਪੀ.ਓ.)ਇਕ ਅਜਿਹਾ ਸੰਗਠਨ ਹੈ ਜੋ ਕਿਸਾਨਾਂ ਵੱਲੋਂ ਪ੍ਰਫੁੱਲਤ ਕੀਤਾ ਗਿਆ ਹੈ ਅਤੇ ਇਸ ਨੂੰ ਹੇਠ ਲਿਖਿਆਂ ਵਿਚੋਂ ਕਿਸੇ ਇਕ ਵਜੋਂਰਜਿਸਟਰਡ ਕੀਤਾ ਗਿਆ ਹੈ।

1. ਕੰਪਨੀਜ਼ ਐਕਟ, 2013 ਅਧੀਨ ਪ੍ਰਾਈਵੇਟ ਲਿਮਟਿਡ ਕੰਪਨੀ
2. ਕੰਪਨੀਜ਼ ਐਕਟ, 2013 ਅਧੀਨ ਪਬਲਿਕ ਲਿਮਟਿਡ ਕੰਪਨੀ
3. ਕੰਪਨੀਜ਼ ਐਕਟ, 2013 ਅਧੀਨ ਉਤਪਾਦਕ ਕੰਪਨੀ
4. ਪੰਜਾਬ ਸਹਿਕਾਰੀ ਸਭਾਵਾਂ ਐਕਟ, 1961 ਅਧੀਨ ਰਜਿਸਟਰਡ ਕੀਤੀ ਗਈ ਸਹਿਕਾਰੀ ਸਭਾ
5. ਸੋਸਾਇਟੀ ਰਜਿਸਟ੍ਰੇਸ਼ਨ ਐਕਟ, 1860 ਅਧੀਨ ਰਜਿਸਟਰਡ ਕੀਤੀ ਗਈ ਸਭਾ
6. ਪੰਜਾਬ ਸਹਿਕਾਰੀ ਸਭਾਵਾਂ ਐਕਟ, 1961(1961 ਦਾ ਪੰਜਾਬ ਐਕਟ ਨੰ:25)

ਸਭਾਵਾਂ ਨੂੰ ਲਾਭ ਨੀਤੀ ਅਧੀਨ ਦਿੱਤੇ ਜਾਣਗੇ ਜੋ ਕਿ ਇਸ ਸ਼ਰਤ ਅਧੀਨ ਹੋਣਗੇ ਕਿ ਐਫ. ਪੀ. ਓਜ਼ ਦੇ ਕੰਮਕਾਰ ਵਿਚ ਕੋਈ ਸਿਆਸੀ/ਚੋਣਾਵੀ ਦਖਲ ਅੰਦਾਜ਼ੀ ਨਹੀਂ ਹੋਵੇਗੀ। ਇੱਛੁਕ ਪਾਰਟੀਆਂ ਸਵੈ ਸਮਰਥਨ ਸਹਿਕਾਰੀ ਐਕਟ ਦੇ ਅਧੀਨ ਕਹੀਆਂ ਜਾ ਸਕਦੀਆਂ ਹਨ।

- ਇਹ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਐਫ.ਪੀ.ਓਜ਼ ਦੀ ਸਿਰਜਣਾ ਹੇਠੋਂ ਉਪਰ ਵੱਲ ਨੂੰ ਕੀਤੀ ਜਾ ਰਹੀ ਹੈ। ਇਨ੍ਹਾਂ ਐਫ.ਪੀ.ਓਜ਼ ਨੂੰ ਖੇਤੀਬਾੜੀ ਵਿਚ ਹੋਰ ਵਿਚੋਲੇ ਪਾਉਣ ਦੀ ਲੋੜ ਨਹੀਂ। ਇਨ੍ਹਾਂ ਸੰਗਠਨਾਂ ਦਾ ਉਦੇਸ਼ ਉਤਪਾਦਕਾਂ ਦੀ ਸ਼ੁੱਧ ਆਮਦਨ ਵਿਚ ਵਾਧਾ ਕਰਨਾ ਹੈ ਨਾ ਕਿ ਐਫ.ਪੀ.ਓ ਦੀ ਆਮਦਨ ਵਧਾਉਣਾ ਹੈ।
- ਭਾਈਚਾਰੇ ਅਧਾਰਤ/ਖਿੱਤੇ ਆਧਾਰਤ/ਉਤਪਾਦ ਆਧਾਰਤ ਜਾਂ ਕਿਸਾਨ ਉਤਪਾਦਕ ਸੰਗਠਨਾਂ ਦੀ ਕੋਈ ਵੀ ਹੋਰ ਫੈਡਰੇਸ਼ਨ ਜਿਹੜੇ ਉਪਰੋਕਤ 5.1 ਵਿਚ ਦਰਸਾਏ ਹਨ, ਦਾ ਕੋਈ ਵੀ ਕਾਨੂੰਨੀ ਰੂਪ ਹੋਣ, ਨੂੰ ਲਾਭ ਲੈਣ ਲਈ ਐਫ.ਪੀ.ਓ. ਵੱਜੋਂ ਮੰਨਿਆ ਜਾਵੇਗਾ।
- ਇਸ ਨੀਤੀ ਅਧੀਨ ਲਾਭ ਪ੍ਰਾਪਤ ਕਰਨ ਲਈ ਕਿਸੇ ਵੀ ਐਫ.ਪੀ.ਓ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਆਪਣੇ ਆਪ ਨੂੰ ਐਸ.ਐਨ.ਏ. ਦੇ ਨਾਲ ਰਜਿਸਟਰਡ ਕਰਵਾਏ ਜਿਸ ਤਰ੍ਹਾਂ ਅੱਗੇ ਇਸ ਨੀਤੀ ਵਿਚ ਬਿਆਨਿਆਂ ਗਿਆ ਹੈ।

# ਐਫ.ਪੀ.ਓਜ਼ ਦੀਆਂ ਗਤੀਵਿਧੀਆਂ

- ਐਫ.ਪੀ.ਓਜ਼ ਕਿਸੇ ਵੀ ਖੇਤੀ ਕੀਮਤ ਲੜੀ ਦੇ ਕਿਸੇ ਇਕ ਭਾਗ ਵਿਚ ਹਿੱਸਾ ਲੈ ਸਕਦੇ ਹਨ ਜਾਂ ਮੁਕੰਮਲ ਕੀਮਤ ਲੜੀ ਦੇ ਵਿਚ ਵੀ ਕੰਮ ਕਰ ਸਕਦੇ ਹਨ। ਖੇਤੀ ਕੀਮਤ ਲੜੀ ਵਿਚ ਖੇਤੀ/ਬਾਗ਼ਬਾਨੀ ਦੀਆਂ ਫਸਲਾਂ, ਪਸ਼ੂ ਪਾਲਣ, ਪਸ਼ੂ/ਖੇਤੀ ਦੀ ਰਹਿੰਦ-ਖੂੰਹਦ ਅਤੇ ਸੇਵਾਵਾਂ ਜਿਵੇਂ ਮਸ਼ੀਨਰੀ ਦੀ ਖਰੀਦ -ਪਟੇ(ਠੇਕੇ, ਕਿਰਾਏ ਤੇ ਕਰਨਾ)ਆਦਿ ਸ਼ਾਮਲ ਹੈ। ਐਫ.ਪੀ.ਓਜ਼ ਨੂੰ ਖੁੱਲ ਹੈ ਕਿ ਉਹ ਇੱਕ ਜਾਂ ਇਕ ਤੋਂ ਵਧੇਰੇ ਖੇਤੀਬਾੜੀ ਉਤਪਾਦ ਅਤੇ ਸੇਵਾਵਾਂ ਲਈ ਕੰਮ ਕਰ ਸਕਦੇ ਹਨ।
- ਐਫ.ਪੀ.ਓਜ਼, ਪੰਜਾਬ ਸਹਿਕਾਰੀ ਸਭਾਵਾਂ ਐਕਟ1961 ਅਧੀਨ ਰਜਿਸਟਰਡ ਕੀਤੀਆਂ ਗਈਆਂ ਸਹਿਕਾਰੀ ਸਭਾਵਾਂ ਦੇ ਬਰਾਬਰ ਹੋਣਗੇ ਅਤੇ ਸਾਰੇ ਲਾਭਾਂ ਅਤੇ ਸਹੂਲਤਾਂ ਲਈ ਸਵੈ ਸਹਾਇਤਾ, ਗਰੁੱਪਾਂ ਅਤੇ ਫੈਡਰੇਸ਼ਨਾਂ ਦੇ ਸਮਾਨ ਹੋਣਗੇ, ਜਿਹੜੀਆਂ ਕਿ ਸਮੇਂ ਸਮੇਂ ਤੇ ਮੈਂਬਰਾਂ ਦੁਆਰਾ ਚਲਾਈਆਂ ਸੰਸਥਾਵਾਂ ਨੂੰ ਵਧਾਈਆਂ ਜਾਂ ਦਿੱਤੀਆਂ ਜਾਂਦੀਆਂ ਹਨ।
- ਐਫ.ਪੀ.ਓਜ਼ ਨੂੰ ਖੇਤੀ ਆਦਾਨ ਸਮੱਗਰੀਆਂ(ਬੀਜ, ਖਾਦ, ਖੇਤੀ ਮਸ਼ੀਨਰੀ, ਕੀਟ-ਨਾਸ਼ਕ ਆਦਿ)ਵਿਚ ਵਪਾਰ ਲਈ ਲਾਈਸੈਂਸ ਪਹਿਲਤਾ ਦੇ ਅਧਾਰ ਤੇ ਜਾਰੀ ਕੀਤੇ ਜਾਣਗੇ, ਉਨ੍ਹਾਂ ਦੇ ਵਰਤੋਂ ਮੈਂਬਰਾਂ ਵੱਲੋਂ ਜਾਂ ਸਹਿਕਾਰਤਾ ਦੇ ਵਾਂਗ ਐਫ.ਪੀ.ਓਜ਼ ਰਾਹੀਂ ਖੇਤੀਬਾੜੀ ਸਾਜੋ ਸਾਮਾਨ ਸਪਲਾਈ ਕਰਨ ਲਈ ਕੀਤੀ ਜਾਵੇਗੀ।
- ਮੰਡੀਕਰਨ ਦੇ ਜੋੜਮੇਲ, ਭੰਡਾਰਨ, ਪ੍ਰੋਸੈਸਿੰਗ ਅਤੇ ਵਿਤਰਣ ਲਈ ਐਫ.ਪੀ.ਓਜ਼ ਮੇਲਿਆਂ ਅਤੇ ਲਾਹੇਵੰਦ ਮੰਡੀਆਂ ਵਿਚ ਪਹੁੰਚ ਕਰ ਸਕਣਗੇ, ਜਿਸ ਵਿਚ ਉਤਪਾਦਕ ਸਮੂਹਾਂ ਦੇ ਸੰਬੰਧ(ਲਿੰਕ)ਵੀ ਸ਼ਾਮਲ ਹੋਣਗੇ ਜੋ ਮੰਡੀਕਰਨ ਦੇ ਮੌਕੇ ਪ੍ਰਦਾਨ ਕਰਨਗੇ। ਐਫ.ਪੀ.ਓਜ਼ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਸਹਿਕਾਰੀ ਸਭਾਵਾਂ ਅਤੇ ਨਿਗਮਾਂ ਦੇ ਬਰਾਬਰ ਮੰਨਿਆ ਜਾਵੇਗਾ।
- ਐਫ.ਪੀ.ਓਜ਼ ਨੂੰ ਪ੍ਰਮਾਣਿਕ ਬੀਜ, ਪਨੀਰੀ ਅਤੇ ਹੋਰ ਬੀਜਣ ਦੀ ਸਮੱਗਰੀ ਦੇ ਉਤਪਾਦਕਾਂ ਵਜੋਂ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਐਫ.ਪੀ.ਓਜ਼ ਨੂੰ ਸਹਿਕਾਰੀ ਸਭਾਵਾਂ ਵਾਂਗ ਹੀ ਮੰਡੀਕਰਨ ਅਤੇ ਸਬਸਿਡੀਆਂ ਦੀ ਸਹਾਇਤਾ ਦਿੱਤੀ ਜਾਵੇਗੀ।
- ਐੱਫ ਪੀ ਓਜ਼ ਵੱਲੋਂ ਪੈਦਾ ਕੀਤੀ ਗਈ ਖੇਤੀ ਉਤਪਾਦਨ ਦੀ ਖੇਤੋਂ ਹੀ(ਫਾਰਮ ਗੇਟ)ਸਿੱਧੀ ਵਿਕਰੀ ਦੀ ਇਜਾਜ਼ਤ ਦਿੱਤੀ ਹੋਵੇਗੀ ਅਤੇ ਵੱਡੇ ਖਰੀਦਦਾਰਾਂ ਅਤੇ ਐੱਫ. ਪੀ. ਓ ਦੇ ਦਰਮਿਆਨ ਠੇਕੇ ਦੀ ਖੇਤੀ ਦੇ ਪ੍ਰਬੰਧ ਨੂੰ ਉਤਸ਼ਾਹਤ ਕੀਤਾ ਜਾਵੇਗਾ।
- ਐੱਫ ਪੀ ਓਜ਼ ਨੂੰ ਜਨਤਕ ਵੰਡ ਪ੍ਰਣਾਲੀ ਲਈ ਵੱਖ ਵੱਖ ਫ਼ਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਤੇ ਖਰੀਦ ਲਈ, ਖਰੀਦ ਏਜੰਟ ਵਜੋਂ ਆਗਿਆ ਹੋਵੇਗੀ, ਐੱਫ.ਪੀ. ਓਜ਼ ਨੂੰ ਮੰਡੀ ਵਿੱਚ ਆੜ੍ਹਤੀਏ ਵਜੋਂ ਕੰਮ ਕਰਨ ਦੀ ਆਗਿਆ ਹੋਵੇਗੀ, ਉਨ੍ਹਾਂ ਨੂੰ ਵਿਅਕਤੀਆਂ ਤੇ ਹੋਰ ਸੰਗਠਨਾਂ ਤੋਂ ਪਹਿਲ ਦਿੱਤੀ ਜਾਵੇਗੀ। ਕਿਸਾਨ ਦੇ ਕੰਪਨੀ ਨੁਮਾਇੰਦੇ ਵਜੋਂ ਕੰਮ ਕਰ ਸਕਣਗੇ ਅਤੇ ਉਨ੍ਹਾਂ ਨੂੰ ਅਧਿਕਾਰ ਹੋਵੇਗਾ ਕਿ ਉਹ ਵੱਧੋ ਵੱਧ ਮੁੱਲ ਵਸੂਲੀ ਲਈ ਕਿਸਾਨਾਂ ਦੀ ਮੱਦਦ ਕਰ ਸਕਣ।
- ਐਸ.ਪੀ.ਓਜ਼ ਨੂੰ ਕੇਂਦਰ/ਰਾਜ ਸਰਕਾਰ ਅਤੇ ਹੋਰ ਸੰਗਠਨ ਦੇ ਵੱਖ ਵੱਖ ਖੇਤੀ ਵਿਕਾਸ ਪ੍ਰੋਗਰਾਮਾਂ ਲਈ ਲਾਗੂ ਕਰਨ ਵਾਲੀ ਏਜੰਸੀ ਵਜੋਂ ਕੰਮ ਕਰਨ ਦੀ ਆਗਿਆ ਹੋਵੇਗੀ ਇਸਨੂੰ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਨੈਸ਼ਨਲ ਹਾਰਟੀਕਲਚਰ ਮਿਸ਼ਨ, ਐਗਰੀਕਲਚਰ ਇਨਫਰਾਸਟਰਕਚਰ ਫੰਡ, ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ ਅਤੇ ਹੋਰ ਰਾਜ ਅਤੇ ਸਰਕਾਰੀ ਸਕੀਮਾਂ ਅਧੀਨ ਲਾਭ ਮਿਲੇਗਾ।
- ਇਸ ਤੋਂ ਇਲਾਵਾ ਇੱਕ ਐੱਫ.ਪੀ.ਓ ਆਪਣੇ ਮੈਂਬਰ ਕਿਸਾਨਾਂ ਦੀ ਭਲਾਈ ਲਈ ਵਿੱਤੀ ਅਤੇ ਵਪਾਰਕ ਸੇਵਾਵਾਂ ਵੀ ਦੇ ਸਕਦਾ ਹੈ, ਕੁਝ ਸੇਵਾਵਾਂ ਇਸ ਪ੍ਰਕਾਰ ਹਨ

:ੳ) ਵਿੱਤੀ ਸੇਵਾਵਾਂ : ਐੱਫ.ਪੀ.ਓ ਫਸਲਾਂ ਲਈ ਕਰਜ਼ੇ, ਟਰੈਕਟਰ ਖਰੀਦਣ ਅਤੇ ਹੋਰ ਲੋੜੀਂਦੀ ਖੇਤੀ ਮਸ਼ੀਨਰੀ, ਪੰਪ ਸੈੱਟ ਅਤੇ ਖੇਤੀਬਾੜੀ/ਬਾਗ਼ਬਾਨੀ ਦੇ ਨਾਲ ਸੰਬੰਧਿਤ ਹੋਰ ਕੰਮਾਂ ਲਈ ਲੋੜੀਂਦੇ ਕਰਜ਼ੇ ਪ੍ਰਦਾਨ ਕਰ ਸਕਦਾ ਹੈ।

ਅ) ਆਦਾਨ ਦੀ ਸੇਵਾ: ਐੱਫ. ਪੀ. ਓ ਕਿਸਾਨ ਮੈਂਬਰਾਂ ਨੂੰ ਘੱਟ ਲਾਗਤ ਤੇ ਮਿਆਰੀ ਖਾਦਾਂ, ਕੀਟਨਾਸ਼ਕ, ਬੀਜ, ਸਪਰੇਅ ਅਤੇ ਹੋਰ ਖੇਤੀ ਵਰਤੋਂ ਦੇ ਆਦਾਨ ਪ੍ਰਦਾਨ ਕਰ ਸਕਦਾ ਹੈ।

ੲ) ਖਰੀਦ ਅਤੇ ਡੱਬੇ ਬੰਦ(ਪੈਕਿੰਗ)ਸੇਵਾਵਾਂ : ਐੱਫ. ਪੀ. ਓ. ਆਪਣੇ ਮੈਂਬਰਾਂ ਨੂੰ ਖੇਤੀ ਉਤਪਾਦ ਦੀ ਖਰੀਦ ਸਹੂਲਤ ਦੇ ਸਕਦਾ ਹੈ, ਇਸ ਦੇ ਭੰਡਾਰਣ ਲਈ ਪ੍ਰਬੰਧ ਕਰ ਸਕਦਾ ਹੈ ਅਤੇ ਡੱਬੇ ਬੰਦ ਕਰਕੇ(ਪੈਕੇਜਿੰਗ)ਮੁੱਲ ਵੀ ਵਧਾ ਸਕਦਾ ਹੈ।

ਸ) ਮੰਡੀ ਕਰਨ ਦੀਆਂ ਸੇਵਾਵਾਂ : ਐਫ.ਪੀ.ਓ ਖਰੀਦ ਕਰਨ ਬਾਅਦ ਸਿੱਧਾ ਮੰਡੀਕਰਨ ਕਰ ਸਕਦਾ ਹੈ ਅਤੇ ਢੁਆ ਢੁਆਈ ਸਾਂਭ ਸੰਭਾਲ (ਲੋਜਿਸਟਿਕ)ਦਾ ਪ੍ਰਬੰਧ ਵੀ ਕਰ ਸਕਦਾ ਹੈ। ਐਫ.ਪੀ.ਓ ਆਪਣੇ ਮੈਂਬਰਾਂ ਦੀ ਖੇਤੀ ਉਤਪਾਦ ਦੇ ਮੰਡੀਕਰਨ ਵਿਚ ਮਦਦ ਵੀ ਕਰ ਸਕਦਾ ਹੈ ਅਤੇ ਆਪਣੇ ਕਿਸਾਨ ਮੈਂਬਰਾਂ ਲਈ ਨਵੀਆਂ ਮੰਡੀਆਂ ਦੀ ਤਲਾਸ਼ ਵੀ ਕਰ ਸਕਦਾ ਹੈ।

ਹ) ਤਕਨੀਕੀ ਅਤੇ ਵਿਸਥਾਰ ਸੇਵਾਵਾਂ : ਐਫ.ਪੀ.ਓ. ਆਪਣੇ ਮੈਂਬਰਾਂ ਲਈ ਖੇਤੀ ਦੇ ਚੰਗੇ ਕੰਮਾਂਕਾਰਾਂ ਲਈ ਸਲਾਹ ਮਸ਼ਵਰਾ ਵੀ ਪ੍ਰਦਾਨ ਕਰ ਸਕਦਾ ਹੈ ਅਤੇ ਖੇਤੀ ਪ੍ਰਬੰਧ ਸੇਵਾਵਾਂ ਦੇ ਨਾਲੋ ਨਾਲ ਚੰਗੇ ਖੇਤੀ ਅਮਲ(ਗੁੱਡ ਐਗਰੀਕਲਚਰਲ ਪ੍ਰੈਕਟਿਸ)ਵੀ ਅਪਣਾ ਸਕਦੇ ਹਨ। ਐਫ.ਪੀ.ਓ. ਵੱਲੋਂ ਆਪਣੇ ਮੈਂਬਰਾਂ ਨੂੰ ਕਟਾਈ ਤੋਂ ਬਾਅਦ ਦੀ ਤਕਨਾਲੋਜੀ ਪ੍ਰਬੰਧ ਅਤੇ ਪ੍ਰੋਸੈਸਿੰਗ ਦੀ ਵੀ ਜਾਣਕਾਰੀ ਦਿੱਤੀ ਜਾਵੇਗੀ।

# ਪੰਜਾਬ ਵਿਚ ਐਫ.ਪੀ.ਓਜ਼ ਦੀ ਤਰੱਕੀ ਅਤੇ ਵਾਧੇ ਲਈ ਸੰਸਥਾ

- ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ(ਪੈਗਰੈਕਸਕੋ)ਪੰਜਾਬ ਵਿਚ ਐਫ.ਪੀ.ਓਜ਼ ਰਾਹੀਂ ਖੇਤੀ ਵਪਾਰਕ ਗਤੀਵਿਧੀਆਂ ਦੀ ਉਨਤੀ ਲਈ ਉਤਪ੍ਰੇਰਕ/ਉਤਸ਼ਾਹਤ ਕਰਨ ਵਾਲੀ ਸਟੇਟ ਨੋਡਲ ਏਜੰਸੀ(ਐਸ.ਐਨ.ਏ)ਵਜੋਂ ਕੰਮ ਕਰੇਗੀ। ਇਸ ਨੀਤੀ ਅਧੀਨ ਤਜਵੀਜੇ ਗਏ ਲਾਭ ਕੇਵਲ ਉਨ੍ਹਾਂ ਐਫ.ਪੀ.ਓਜ਼ ਨੂੰ ਮਿਲਣਗੇ ਜਿਹੜੇ ਐਸ.ਐਨ.ਏ. ਦੇ ਨਾਲ ਰਜਿਸਟਰਡ ਹੋਣਗੇ। ਐਸ.ਐਨ.ਏ. ਵੱਲੋਂ ਐਫ.ਪੀ.ਓਜ਼ ਦੀ ਰਜਿਸਟ੍ਰੇਸ਼ਨ ਦੀ ਯੋਗਤਾ ਅਤੇ ਪ੍ਰਕਿਰਿਆ ਸਬੰਧੀ ਵੇਰਵੇ ਪੂਰਨ ਮਾਰਗ ਦਰਸ਼ਨ ਕਰਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। ਐਸ.ਐਨ.ਏ.,ਐਫ.ਪੀ.ਓਜ਼ ਦੀ ਸਥਾਪਨਾ ਨੂੰ ਉਤਸ਼ਾਹਤ ਕਰਨ, ਪਹਿਲਾਂ ਤੋਂ ਹੀ ਰਜਿਸਟਰ ਹੋਏ ਐਫ.ਪੀ.ਓਜ਼ ਦੀ ਸ਼ਨਾਖਤ ਕਰਨ ਲਈ ਕੰਮ ਕਰੇਗੀ ਅਤੇ ਵਖ ਵਖ ਕੇਂਦਰ ਸਰਕਾਰ/ਰਾਜ ਸਰਕਾਰ ਦੀਆਂ ਸਕੀਮਾਂ ਅਧੀਨ

ਲਾਭ ਉਠਾਉਣ ਲਈ ਐਫ.ਪੀ.ਓਜ਼ ਦੀ ਮੱਦਦ ਕਰ ਸਕਦੀ ਹੈ। ਐਸ.ਐਨ.ਏ.,ਐਫ.ਪੀ.ਓਜ਼ ਲਈ ਇਕਹਿਰੀ ਖਿੜਕੀ(ਸਿੰਗਿਲ ਵਿੰਡੋ)ਸੰਸਥਾ ਵਜੋਂ ਕੰਮ ਕਰੇਗੀ ਅਤੇ ਨਿਵੇਸ਼ਕਾਂ, ਤਕਨੀਕੀ ਪ੍ਰਦਾਤਾਵਾਂ ਅਤੇ ਮੰਡੀਆਂ ਨਾਲ ਮੇਲ ਜੋਲ ਰੱਖਣ ਨੂੰ ਉਤਸ਼ਾਹਿਤ ਕਰੇਗੀ। ਐਸ.ਐਨ.ਏ. ਵੱਲੋਂ ਪੰਜਾਬ ਵਿਚ ਐਫ.ਪੀ.ਓਜ਼ ਨੂੰ ਸਰਬਪੱਖੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ ਅਤੇ ਐਫ.ਪੀ.ਓਜ਼ ਦੀ ਉਨਤੀ ਅਤੇ ਵਿਕਾਸ ਵਿਚ ਲੱਗਿਆਂ ਨੂੰ ਵੀ ਸਹਾਇਤਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜਨਤਕ ਅਤੇ ਨਿੱਜੀ ਦੋਹਾਂ ਖੇਤਰਾਂ ਦੇ ਐਫ.ਪੀ.ਓਜ਼ ਆਦਾਨ ਪ੍ਰਦਤਾਵਾਂ, ਤਕਨੀਕੀ ਪ੍ਰਦਤਾਵਾਂ, ਵਿਸਥਾਰ ਅਤੇ ਖੋਜ ਸੰਸਥਾਵਾਂ, ਮੰਡੀਕਰਨ ਅਤੇ ਪ੍ਰਕਿਰਿਆ(ਪ੍ਰੋਸੈਸਿੰਗ)ਕਰਨ ਵਾਲਿਆਂ ਦਰਮਿਆਨ ਕਾਇਮ ਰਹਿਣ ਵਾਲੇ ਸਬੰਧ ਪੈਦਾ ਕੀਤੇ ਜਾਣਗੇ। ਐਸ.ਐਨ.ਏ. ਵੱਲੋਂ ਹਰੇਕ ਐਫ.ਪੀ.ਓ ਨੂੰ ਲੋੜੀਂਦੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ। ਜਿਵੇਂ ਮੰਡੀਕਰਨ ਦੀ ਸੋਝੀ, ਲੇਖਾ ਪ੍ਰੀਖਿਅਕਾਂ ਦੀ ਸੂਚੀ(ਅਨੁ–ਪੈਨਲ ਤਿਆਰ ਕਰਨਾ), ਸੇਵਾਵਾਂ ਲੈਣੀਆਂ (ਹਾਇਰਿੰਗ), ਨਿਰੀਖਣ ਕਰਨ, ਮੁਲੰਕਣ ਕਰਨ ਅਤੇ ਹੋਰ ਅੱਗੇ ਵਧਣ ਲਈ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਐਸ.ਐਨ.ਏ. ਪੰਜਾਬ ਸਰਕਾਰ ਦਾ ਉੱਦਮ ਹੈ, ਇਸ ਲਈ ਇਹ ਪੰਜਾਬ ਵਿਚ ਐਫ.ਪੀ.ਓਜ਼ ਦੀ ਉੱਨਤੀ ਲਈ ਇਕ ਜਿੰਮੇਵਾਰ ਹੋਂਦ ਵਜੋਂ ਕੰਮ ਕਰੇਗੀ।

- ਐਸ.ਐਨ.ਏ. ਵਖ ਵਖ ਵਿਤੀ ਸੰਸਥਾਵਾਂ, ਨਾਬਾਰਡ ਅਤੇ ਸਰਕਾਰੀ ਏਜੰਸੀਆਂ ਅਤੇ ਹੋਰਾਂ ਦੇ ਨਾਲ ਗੱਠਜੋੜ ਕਰਕੇ ਰਜਿਸਟਰਡ ਐਫ.ਪੀ.ਓਜ਼ ਦੀਆਂ ਗਤੀਵਿਧੀਆਂ ਨੂੰ ਫੰਡ ਦੇਣ ਲਈ ਇਕ ਵਿਧੀ ਪ੍ਰਬੰਧ ਸਥਾਪਤ ਕਰਨ ਦਾ ਉਪਰਾਲਾ ਹੈ। ਜੇਕਰ ਐਫ.ਪੀ.ਓਜ਼ ਯੋਗਤਾ ਰਖਦਾ ਹੈ ਤਾਂ ਐਸ.ਐਨ.ਏ. ਹਰੇਕ ਐਫ.ਪੀ.ਓ. ਕੋਲ ਮੌਜੂਦ ਬੁਨਿਆਦੀ ਢਾਂਚੇ ਤੇ ਕਰਜੇ ਦੀ ਸਹੂਲਤ ਦੇਵੇਗਾ ਅਤੇ ਪੇਸ਼ਗੀਆਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰੇਗਾ। ਰਾਸ਼ਟਰੀ ਪੱਧਰ/ਰਾਜਪੱਧਰ ਤੇ ਬੈਂਕਾਂ ਤੇ ਹੋਰ ਵਿਤੀ ਸੰਸਥਾਵਾਂ ਕੋਲ ਉਪਲੱਬਧ ਵਖ ਵਖ ਸਰਕਾਰੀ ਸਕੀਮਾਂ ਅਧੀਨ ਕਰਜੇ ਅਤੇ ਗਰਾਂਟਾਂ ਐਫ.ਪੀ.ਓ. ਨੂੰ ਉਪਲੱਬਧ ਕੀਤੀਆਂ ਜਾਣਗੀਆਂ। ਐਸ.ਐਨ.ਏ. ਮੌਜੂਦਾ ਵਿਤੀ ਸੰਸਥਾਵਾਂ, ਨਾਬਾਰਡ ਅਤੇ ਸਰਕਾਰੀ ਏਜੰਸੀਆਂ ਨਾਲ ਤਾਲਮੇਲ ਕਰਕੇ ਐਫ.ਪੀ.ਓਜ਼ ਦੀਆਂ ਗਤੀਵਿਧੀਆਂ ਨੂੰ ਫੰਡ ਪ੍ਰਦਾਨ ਕਰਨ ਲਈ ਇਕ ਵਿਧੀ ਵਿਧਾਨ ਸਥਾਪਤ ਕਰਨ ਦਾ ਉਪਰਾਲਾ ਕਰੇਗੀ।
- ਐਸ.ਐਨ.ਏ. ਵੱਲੋਂ ਸੰਸਾਧਨ ਸੰਸਥਾਵਾਂ(ਰੀਸੋਰਸ ਇੰਸਟੀਚਿਊਟ : ਆਰ.ਆਈ)ਨਿਯੁਕਤ ਕੀਤੀਆਂ ਜਾਣਗੀਆਂ। ਆਰ.ਆਈ. ਵਿਚ ਨਿਮਨ ਲਿਖਤ ਸ਼ਾਮਲ ਹੋਣਗੇ :
  - ਖੇਤੀਬਾੜੀ ਅਤੇ ਸਬੰਧਤ ਗਤੀਵਿਧੀਆਂ ਵਿਚ ਲੱਗੇ ਪੰਜਾਬ ਸਰਕਾਰ ਦੇ ਵਿਭਾਗ
  - ਰਾਜ ਖੇਤੀਬਾੜੀ ਅਤੇ ਵੈਟਰਨਰੀ ਯੂਨੀਵਰਸਿਟੀ
  - ਹੋਰ ਰਾਜ ਅਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਜੋ ਖਰੀਦ, ਪ੍ਰੋਸੈਸਿੰਗ ਅਤੇ ਖੇਤੀਬਾੜੀ ਉਤਪਾਦਾਂ/ਖੇਤੀਬਾੜੀ ਅਦਾਨਾਂ ਦੇ ਮੰਡੀਕਰਨ ਨਾਲ ਨਿਪਟਿਆ ਜਾ ਸਕੇ।

  ਇਨ੍ਹਾਂ ਆਰ.ਆਈ. ਵੱਲੋਂ ਐਫ.ਪੀ.ਓਜ਼ ਦੀ ਸਿਰਜਣਾ ਕਰਨ ਲਈ ਕਿਸਾਨਾਂ ਨੂੰ ਲਾਮਬੰਦ ਕੀਤਾ ਜਾਵੇਗਾ। ਐਫ.ਪੀ.ਓਜ਼ ਦੇ ਮੈਂਬਰਾਂ ਨੂੰ ਤਕਨੀਕੀ ਸਿੱਖਿਆ ਅਤੇ ਸਿਖਲਾਈ ਦਿੱਤੀ ਜਾਵੇਗੀ। ਆਰ.ਆਈ. ਵੱਲੋਂ ਐਫ.ਪੀ.ਓ ਅਪਣਾ ਕੇ ਨਿਵੇਸ਼ਕਾਂ, ਤਕਨੀਕੀ ਪ੍ਰਦਾਤਾਵਾਂ, ਮੰਡੀ, ਵਿਤੀ ਸੰਸਥਾਵਾਂ ਅਤੇ ਹੋਰਾਂ ਨਾਲ ਸਬੰਧ ਪੈਦਾ ਕੀਤੇ ਜਾਣਗੇ। ਇਹ ਆਰ.ਆਈ. ਐਸਜ਼. ਖੇਤਰ ਵਿਚ ਤਬਦੀਲੀ ਦੇ ਵਾਹਕਾਂ ਵਜੋਂ ਕੰਮ ਕਰਨਗੇ ਤਾਂ ਜੋ ਲਾਭਦਾਇਕ ਅਤੇ ਟਿਕਾਊ ਐਫ.ਪੀ.ਓਜ਼ ਦੀ ਸਿਰਜਣਾ ਕੀਤੀ ਜਾ ਸਕੇ। ਆਰ.ਆਈ. ਦੀ ਚੋਣ ਕਰਨ ਦੀ ਪ੍ਰਕਿਰਿਆ ਸਬੰਧੀ ਅਤੇ ਐਫ.ਪੀ.ਓ. ਦੀ ਵੰਡ ਕਰਨ ਲਈ ਵਿਸਥਾਰਪੂਰਬਕ ਗਾਡੀ ਲੀਹਾਂ ਐਸ.ਐਨ.ਏ. ਵੱਲੋਂ ਵੱਖਰੇ ਤੌਰ ਤੇ ਜਾਰੀ ਕੀਤੀਆਂ ਜਾਣਗੀਆਂ।

- ਕਿਸਾਨਾਂ, ਖੇਤੀ ਕੰਮ ਵਿਚ ਲੱਗੀਆਂ ਔਰਤਾਂ ਅਤੇ ਪੰਜਾਬ ਦੇ ਨੌਜਵਾਨਾਂ ਵਿਚ ਐਫ.ਪੀ.ਓ ਬਾਰੇ ਜਾਗਰੂਕਤਾ ਪੈਦਾ ਕਰਨੀ।
- ਐਫ.ਪੀ.ਓ. ਬਣਾਉਣ ਲਈ ਮੈਂਬਰਾਂ ਦੀ ਮਦਦ ਕਰਨੀ।
- ਐਫ.ਪੀ.ਓ ਬਣਨ ਤੋਂ ਪਹਿਲਾਂ ਐਫ.ਪੀ.ਓ. ਦੇ ਮੈਂਬਰ ਬਣਨ ਦੇ ਇੱਛੁਕਾਂ ਨੂੰ ਭਰਪੂਰ ਸਿਖਲਾਈ ਦੇਣੀ।
- ਐਫ.ਪੀ.ਓ ਦੇ ਮੈਂਬਰ ਬਣਨ ਤੋਂ ਬਾਅਦ ਅਗਲੇਰੀ ਸਿਖਲਾਈ ਆਰ.ਆਈ. ਵੱਲੋਂ ਦਿੱਤੀ ਜਾਵੇਗੀ ਜੋ ਕਿ ਇਹ ਕੰਮ ਹੱਥ ਵਿਚ ਲੈਣ ਦੇ ਸਮੁੱਚ ਸਮੇਂ ਦੌਰਾਨ ਦਿੱਤੀ ਜਾਵੇਗੀ।
- ਐਫ.ਪੀ.ਓ. ਨੂੰ ਕੇਂਦਰ ਸਰਕਾਰ ਅਤੇ ਵਖ ਵਖ ਮੰਤਰਾਲਿਆਂ/ਵਿਭਾਗਾਂ ਅਧੀਨ ਪੰਜਾਬ ਸਰਕਾਰ ਦੀਆਂ ਵਖ ਵਖ ਸਕੀਮਾਂ/ਨੀਤੀਆਂ ਦਾ ਲਾਭ ਪ੍ਰਾਪਤ ਕਰਨ ਲਈ ਮੱਦਦ ਕਰਨੀ।
- ਐਫ.ਪੀ.ਓਜ਼ ਨੂੰ ਪੰਜ ਸਾਲ ਦੇ ਸਮੇਂ ਤਕ ਸਹਾਇਤਾ ਦੇਣੀ ਤਾਂ ਜੋ ਉਹ ਤਕਨੀਕੀ ਪ੍ਰਬੰਧਕੀ ਕਾਰੋਬਾਰੀ ਹੁਨਰ ਪ੍ਰਦਾਨ ਕਰਕੇ ਸਹਾਇਤਾ ਕਰਨੀ ਤਾਂ ਜੋ ਇਹ ਐਫ.ਪੀ.ਓਜ਼ ਵਧ ਫੁੱਲ ਸਕਣ ਅਤੇ ਪੰਜ ਸਾਲਾਂ ਦੇ ਸਮੇਂ ਤੋਂ ਬਾਅਦ ਆਪਣੇ ਪੈਰਾਂ ਤੇ ਖੜੇ ਹੋ ਜਾਣ।

- ਉੱਪਰ ਦੱਸੇ ਗਏ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਆਰ.ਆਈ.ਐਸ. ਵੱਲੋਂ ਤਕਨੀਕੀ ਅਤੇ ਵਪਾਰਕ/ਕਾਰੋਬਾਰੀ ਖੇਤਰਾਂ ਵਿਚ ਮਾਹਿਰਾਂ ਦੀ ਇਕ ਸੂਚੀ(ਪੂਲ)ਬਣਾਈ ਜਾਵੇਗੀ। ਐਸ.ਐਨ.ਏ. ਵੱਲੋਂ ਐਫ.ਪੀ.ਓਜ਼ ਦੀ ਰੋਜ਼ਮਰਾ ਦੀ ਸਰਗਰਮੀ ਵਿਚ ਮਦਦ ਕਰਨ ਲਈ ਐਫ.ਪੀ.ਓਜ਼ ਦੀ ਕਾਰੋਬਾਰੀ ਯੋਜਨਾ ਨੂੰ ਤਿਆਰ ਕਰਨ ਅਤੇ ਲਾਗੂ ਕਰਨ ਲਈ ਐਫ.ਪੀ.ਓ. ਮਿੱਤਰ ਦੀ ਨਿਯੁਕਤੀ



ਕੀਤੀ ਜਾਵੇਗੀ। ਐਫ.ਪੀ.ਓ. ਮਿੱਤਰ ਵਖ ਵਖ ਆਰ.ਆਈ.ਐਸ. ਅਤੇ ਹੋਰ ਮਾਹਿਰ ਸੰਗਠਨਾਂ ਅਤੇ ਵਿਅਕਤੀਆਂ ਤੋਂ ਮਦਦ ਮੰਗਣਗੇ ਜੋ ਐਫ.ਪੀ.ਓ ਦੀਆਂ ਲੋੜਾਂ ਲਈ ਹੋਵੇਗੀ। ਐਸ.ਐਨ.ਏ. ਵੱਲੋਂ ਵੀ ਨਿਯਮਤ ਵਕਫੇ ਤੇ ਆਰ.ਆਈ.ਐਨ. ਅਤੇ ਐਫ.ਪੀ.ਓ. ਮਿੱਤਰ ਦੀਆਂ ਗਤੀਵਿਧੀਆਂ ਦਾ ਨਿਰੀਖਣ ਕੀਤਾ ਜਾਵੇਗਾ। ਐਸ.ਐਨ.ਏ ਵੱਲੋਂ ਆਰ.ਆਈ.ਐਸਜ਼. ਅਤੇ ਇਨ੍ਹਾਂ ਆਰ.ਆਈ.ਐਸਜ਼. ਨਾਲ ਜੁੜੇ ਐਫ.ਪੀ.ਓਜ਼ ਦੀ ਕੰਮਕਾਰ ਦੀ ਚੋਣ, ਨਿਰੀਖਣ ਅਤੇ ਮੁਲੰਕਣ ਲਈ ਮਾਰਗ ਦਰਸ਼ਨ ਕਰਦੀਆਂ ਸੰਪੂਰਨ ਗਾਡੀ ਲੀਹਾਂ ਅਤੇ ਮੈਟ੍ਰਿਕਸ ਵਿਕਸਤ ਕੀਤੇ ਜਾਣਗੇ।

- ਐਸ.ਐਨ.ਏ. ਅਤੇ ਆਰ.ਆਈ.ਐਸ. ਵੱਲੋਂ ਉਪਰ ਦੱਸੇ ਗਏ ਕੰਮਾਂ ਦੀ ਨਿਗਰਾਨੀ ਲਈ ਇਕ ਰਾਜਪੱਧਰੀ ਕਮੇਟੀ(ਐਸ.ਐਲ.ਸੀ) ਦਾ ਗਠਨ ਕੀਤਾ ਜਾਵੇਗਾ ਜੋ ਵਧੀਕ ਮੁੱਖ ਸਕੱਤਰ(ਵਿਕਾਸ)ਪੰਜਾਬ ਦੀ ਚੇਅਰਮੈਨਸ਼ਿਪ ਹੇਠ ਹੋਵੇਗਾ ਜਿਸ ਵਿਚ ਵਖ ਵਖ ਵਿਭਾਗਾਂ/ਸੰਗਠਨਾਂ ਤੋਂ ਅਧਿਕਾਰੀ ਜਾਂ ਉਸ ਦੇ ਨਾਮਜ਼ਦ ਨੁਮਾਇੰਦੇ ਸ਼ਾਮਲ ਹੋਣਗੇ :

1) ਵਾਈਸ–ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
2) ਵਾਈਸ–ਚਾਂਸਲਰ, ਜੀ.ਏ.ਡੀ.ਵੀ.ਏ.ਐਸ.ਯੂ, ਲੁਧਿਆਣਾ।
3) ਸਕੱਤਰ, ਬਾਗ਼ਬਾਨੀ ਪੰਜਾਬ।
4) ਸਕੱਤਰ, ਖੇਤੀਬਾੜੀ ਪੰਜਾਬ।
5) ਮੈਨੇਜਿੰਗ ਡਾਇਰੈਕਟਰ, ਪੰਜਾਬ ਐਗਰੀ.ਅਕਸਪੋਰਟ ਨਿਗ਼ਮ।
6) ਸਕੱਤਰ ਪਸ਼ੂ–ਪਾਲਣ, ਪੰਜਾਬ।
7) ਡਾਇਰੈਕਟਰ, ਬਾਗ਼ਬਾਨੀ ਪੰਜਾਬ।
8) ਡਾਇਰੈਕਟਰ, ਖੇਤੀਬਾੜੀ ਪੰਜਾਬ।
9) ਡਾਇਰੈਕਟਰ, ਡੇਅਰ ਵਿਕਾਸ ਪੰਜਾਬ।
10) ਡਾਇਰੈਕਟਰ ਮੱਛੀ ਪਾਲਣ ਪੰਜਾਬ।
11) ਡਾਇਰੈਕਟਰ, ਸਹਿਕਾਰੀ ਸਭਾਵਾਂ ਪੰਜਾਬ।

ਟਿੱਪਣੀ – ਚੇਅਰਮੈਨ ਲੋੜ ਪੈਣ ਤੇ ਹੋਰ (ਅਧਿਕਾਰੀ)ਆਂ ਤੋਂ ਵੀ ਸਹਿਯੋਗ ਲੈ ਸਕਦਾ ਹੈ। ਇਸ ਕਮੇਟੀ ਵੱਲੋਂ ਐਫ.ਪੀ.ਓਜ਼ ਦੇ ਦੋ ਪ੍ਰਤੀਨਿਧਾਂ ਨੂੰ ਕਮੇਟੀ ਦੇ ਮੈਂਬਰ ਵਜੋਂ ਨਾਮਜ਼ਦ ਕੀਤਾ ਜਾਵੇਗਾ। ਇਹ ਕਮੇਟੀ ਐਸ.ਐਨ.ਏ. ਦੇ ਕੰਮਾਂ ਦੀ ਸਮੀਖਿਆ ਕਰੇਗੀ ਅਤੇ ਐਫ.ਪੀ.ਓਜ਼ ਦੀ ਉੱਨਤੀ ਲਈ ਐਫ.ਪੀ.ਓਜ਼ ਅਤੇ ਆਰ.ਆਈ.ਐਸਜ਼. ਦਾ ਬੱਜਟ ਅਤੇ ਹੋਰ ਤਜਵੀਜਾਂ ਨੂੰ ਪ੍ਰਵਾਨ ਕਰੇਗੀ।

# ਵਿਤੀ ਉਤਸ਼ਾਹ

ਐਫ.ਪੀ.ਓਜ਼., ਆਰ.ਆਈ.ਐਸਜ਼. ਅਤੇ ਐਸ.ਐਨ.ਏ. ਨੂੰ ਵਿਤੀ ਸਹਾਇਤਾ ਦਿੱਤੀ ਜਾਵੇਗੀ। ਰਕਮ, ਅਵਧੀ, ਸ਼ਰਤਾਂ ਦੇ ਸਬੰਧ ਵਿਚ ਵੇਰਵੇ ਐਸ.ਐਨ.ਏ. ਵੱਲੋਂ ਵੱਖਰੇ ਪ੍ਰਕਿਰਿਆ ਦਸਤਾਵੇਜ਼ ਵਿਚ ਦਿੱਤੇ ਜਾਣਗੇ ਜਿਸ ਨੂੰ ਐਸ.ਐਲ.ਸੀ. ਵੱਲੋਂ ਪ੍ਰਵਾਨ ਕੀਤਾ ਜਾਵੇਗਾ।

### ● ਐਫ.ਪੀ.ਓ. ਦੀ ਜਾਗਰੂਕਤਾ ਅਤੇ ਸਿਰਜਣਾ ਲਈ ਸਹਾਇਤਾ

ਰਾਜ ਨੋਡਲ ਏਜੰਸੀ(ਐਸ.ਐਨ.ਏ.)ਵੱਲੋਂ ਆਰ.ਆਈ.ਐਸ. ਜਾਂ ਆਪਣੇ ਤੌਰ ਤੇ ਕਿਸਾਨਾਂ, ਔਰਤਾਂ ਅਤੇ ਯੁਵਕਾਂ ਵਿਚ ਐਫ.ਪੀ.ਓ. ਦੀ ਸਿਰਜਣਾ ਲਈ ਜਾਗਰੂਕਤਾ ਪੈਦਾ ਕੀਤੀ ਜਾਵੇਗੀ ਤਾਂ ਜੋ ਉਨ੍ਹਾਂ ਦੀ ਆਮਦਨ ਵਿਚ ਵਾਧਾ ਹੋ ਸਕੇ। ਜਿਵੇਂ ਕਿ ਇਸ ਨੀਤੀ ਦਾ ਉਦੇਸ਼, ਸਵੈ–ਇੱਛੁਕਾਂ ਅਧਾਰਤ ਸੰਗਠਨ ਤਿਆਰ ਕਰਨਾ ਹੈ। ਇਹ ਪੱਖ ਨੀਤੀ ਦਾ ਮਹੱਤਵਪੂਰਨ ਭਾਗ ਬਣੇਗਾ। ਐਸ.ਐਨ.ਏ. ਹੋਰ ਸੰਸਥਾਵਾਂ ਨਾਲ ਇਕ ਸਬੰਧਾਂ ਦਾ ਜਾਲ(ਨੈੱਟਵਰਕ)ਵਿਕਸਤ ਕਰੇਗੀ ਤਾਂ ਜੋ ਐਫ.ਪੀ.ਓਜ਼ ਬਾਰੇ ਜਾਗਰੂਕਤਾ ਲਿਆਂਦੀ ਜਾ ਸਕੇ।

### ● ਮਰਜ ਦਾ ਹੱਲ ਲੱਭਣ ਲਈ ਅਧਿਐਨ (ਡਾਇਗਨੋਸਟਿਕ ਸਟੱਡੀ) ਕਰਾਉਣ ਖਾਤਰ ਸਹਾਇਤਾ ਅਤੇ ਕਾਰੋਬਾਰੀ ਯੋਜਨਾ ਤਿਆਰ ਕਰਨਾ

ਆਰ.ਆਈ. ਵੱਲੋਂ ਐਸ.ਐਨ.ਏ. ਦੀ ਅਗਵਾਈ ਹੇਠ ਵੇਰਵੇਪੂਰਨ ਮਰਜ ਦਾ ਹੱਲ ਲੱਭਣ ਲਈ ਅਧਿਐਨ ਕੀਤਾ ਜਾਵੇਗਾ। ਇਸ ਵਿਚ ਐਫ.ਪੀ.ਓਜ਼ ਦੀਆਂ ਤਾਕਤਾਂ ਅਤੇ ਕਮਜੋਰੀਆਂ ਨੂੰ ਸਮਝ ਕੇ ਮੰਡੀ ਦੇ ਅਵਸਰਾਂ ਬਾਰੇ ਚਾਨਣਾ ਪਾਇਆ ਜਾਵੇਗਾ। ਆਰ.ਆਈ. ਵੱਲੋਂ ਹਰੇਕ ਐਫ.ਪੀ.ਓਜ਼ ਲਈ ਕਾਰੋਬਾਰੀ ਯੋਜਨਾ ਤਿਆਰ ਕੀਤੀ ਜਾਵੇਗੀ। ਆਰ.ਆਈ.ਐਸਜ਼ ਨੂੰ ਅਜਿਹੀਆਂ ਗਤੀਵਿਧੀਆਂ ਦੀ ਜ਼ਿੰਮੇਵਾਰੀ ਨਿਭਾਉਣ ਲਈ ਗਰਾਂਟ ਦਿੱਤੀ ਜਾਵੇਗੀ ਜਿਸ ਦਾ ਫੈਸਲਾ ਐਸ.ਐਨ.ਏ. ਰਾਹੀਂ ਐਸ.ਐਲ.ਸੀ. ਵੱਲੋਂ ਕੀਤਾ ਜਾਵੇਗਾ।

- **ਕੋਮਲ ਕੌਸ਼ਲ ਵਿਕਸਤ ਕਰਨ ਲਈ ਸਹਾਇਤਾ**

  ਸਰਕਾਰ ਵੱਲੋਂ ਵਖ ਵਖ ਕੋਮਲ ਕੌਸ਼ਲ ਵਿਕਸਤ ਕਰਨ ਲਈ ਜਿਵੇਂ ਸਿਖਲਾਈ(ਤਕਨੀਕੀ ਅਤੇ ਪ੍ਰਬੰਧਕੀ ਦੋਵੇਂ), ਪ੍ਰਦਰਸ਼ਨ, ਕਾਰੋਬਾਰੀ ਮੌਕਿਆਂ ਨੂੰ ਸਾਂਝੇ ਕਰਨਾ, ਨੁਮਾਇਸ਼ਾਂ ਦੇ ਦੌਰੇ, ਵਿਸ਼ਵਾਸ਼ ਪੈਦਾ ਕਰਨ ਲਈ ਅਭਿਆਸ ਆਦਿ ਲਈ ਐਫ.ਪੀ.ਓਜ਼ ਮੈਂਬਰਾਂ ਨੂੰ ਵਿਤੀ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਜੋ ਕਿ ਹਰੇਕ ਐਫ.ਪੀ.ਓਜ਼ ਵੱਲੋਂ ਮਰਜ ਦਾ ਹੱਲ ਲੱਭਣ ਲਈ ਕੀਤੇ ਅਧਿਐਨ ਦੇ ਸਿੱਟਿਆਂ ਤੇ ਅਧਾਰਤ ਸੁਝਾਈ ਗਈ ਕਾਰਜ ਯੋਜਨਾ ਅਨੁਸਾਰ ਹੋਵੇਗੀ ਇਸ ਨੂੰ ਐਸ.ਐਲ.ਸੀ. ਵੱਲੋਂ ਪ੍ਰਵਾਨ ਕੀਤਾ ਜਾਵੇਗਾ।

- **ਸਬੂਲ ਦਖਲ ਲਈ ਸਹਾਇਤਾ**

  ਸਰਕਾਰ ਵੱਲੋਂ ਐਫ.ਪੀ.ਓਜ਼ ਲਈ ਲੋੜੀਂਦਾ ਬੁਨਿਆਦੀ ਢਾਂਚਾ/ਆਮ ਸਹੂਲਤਾਂ ਪੈਦਾ ਕਰਨ ਲਈ ਸਹਾਇਤਾ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ ਜਿਸ ਦੀ ਐਫ.ਪੀ.ਓਜ਼ ਵੱਲੋਂ ਸਮੱਸਿਆ ਦਾ ਹੱਲ ਲੱਭਣ ਵਾਲੇ ਅਧਿਐਨ ਵਿਚ ਸ਼ਨਾਖਤ ਕੀਤੀ ਗਈ ਹੋਵੇਗੀ।

- **ਉਦਯੋਗਿਕ ਕਾਰੋਬਾਰੀ ਵਿਕਾਸ ਨੀਤੀ ਲਈ ਉਤਸ਼ਾਹ**

  ਪੰਜਾਬ ਸਰਕਾਰ ਦੀ ਉਦਯੋਗਿਕ ਕਾਰੋਬਾਰੀ ਵਿਕਾਸ ਨੀਤੀ 2017 ਦੇ ਅਧੀਨ ਮੌਜੂਦ ਸਾਰੇ ਉਤਸ਼ਾਹ ਐਫ.ਪੀ.ਓਜ਼ ਲਈ ਵੀ ਪ੍ਰਾਪਤ ਹੋਣਗੇ।

# ਮੁਲੰਕਣ ਅਤੇ ਨਿਯੰਤਰਣ

ਇਹ ਮਹੱਤਵਪੂਰਨ ਹੈ ਕਿ ਐਫ.ਪੀ.ਓਜ਼ ਦੀ ਕਾਰਗੁਜ਼ਾਰੀ ਪੈਮਾਨਾ ਸਿਰਜਿਆ ਜਾਵੇ ਅਤੇ ਉਸ ਨੂੰ ਨਿਯਮਤ ਅਵਧੀ ਤੇ ਮਾਪਿਆ ਜਾਵੇਗਾ ਤਾਂ ਜੋ ਇਹ ਐਫ.ਪੀ.ਓਜ਼ ਸਵੈ-ਨਿਰਭਰ ਬਣ ਸਕਣ। ਇਸ ਲਈ ਐਸ.ਐਨ.ਏ. ਵੱਲੋਂ ਅਜਿਹੀ ਵਿਧੀ ਸਿਰਜੀ ਜਾਵੇਗੀ ਜਿਸ ਰਾਹੀਂ ਮੁਲੰਕਣੀ ਪੈਮਾਨੇ ਦਾ ਨਿਰੰਤਰ ਵਿਕਾਸ ਕੀਤਾ ਜਾਵੇਗਾ ਤਾਂ ਜੋ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਭਲਾਈ ਨੂੰ ਉੱਨਤ ਕਰਨ ਲਈ ਸਾਧਨਾਂ ਦੀ ਅਸਰਦਾਰ ਅਤੇ ਕੁਸ਼ਲਤਾ ਨਾਲ ਵਰਤੋਂ ਕੀਤੀ ਜਾ ਸਕੇ।

# ਪ੍ਰਕਿਰਿਆ ਦੀਆਂ ਨਿਗਰਾਨੀ ਲੀਹਾਂ

- ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ(ਪੈਗਰੈਕਸਕੋ)ਪੰਜਾਬ ਰਾਜ ਵਿਚ ਐਫ.ਪੀ.ਓ. ਦੀ ਉੱਨਤੀ ਲਈ ਸਟੇਟ ਨੋਡਲ ਏਜੰਸੀ ਐਸ.ਐਨ.ਏ. ਹੋਵੇਗੀ।
- ਰਾਜ ਪੱਧਰੀ ਕਮੇਟੀ ਐਸ.ਐਲ.ਸੀ. ਫੈਸਲਾ ਲੈਣ ਵਾਲੀ ਸੰਸਥਾ ਹੋਵੇਗੀ ਅਤੇ ਉਹੀ ਪੰਜਾਬ ਵਿਚ ਐਫ.ਪੀ.ਓਜ਼ ਦੀ ਉੱਨਤੀ ਲਈ ਤਜਵੀਜਾਂ ਪਰਵਾਨ ਕਰੇਗੀ। ਇਹ ਐਸ.ਐਨ.ਏ. ਰਾਹੀਂ ਲਾਗੂ ਹੋਣਗੀਆਂ।
- ਐਸ.ਐਨ.ਏ. ਵੱਲੋਂ ਐਸ.ਐਨ.ਏ. ਨਾਲ ਐਫ.ਪੀ.ਓਜ਼ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਸਬੰਧੀ ਵਿਸਤਰਿਤ ਨਿਗਰਾਨ ਲੀਹਾਂ ਜਾਰੀ ਕੀਤੀਆਂ ਜਾਣਗੀਆਂ।
- ਐਸ.ਐਨ.ਏ. ਵੱਲੋਂ ਰਾਜ ਵਿਚ ਐਫ.ਪੀ.ਓਜ਼ ਦੀ ਉੱਨਤੀ ਲਈ ਸਰੋਤ ਸੰਸਥਾਵਾਂ ਦੀ ਨਿਯੁਕਤੀ ਕੀਤੀ ਜਾਵੇਗੀ। ਐਸ.ਐਨ.ਏ. ਵੱਲੋਂ ਆਰ.ਆਈ.ਐਨ. ਦੀ ਨਿਯੁਕਤੀ ਪ੍ਰਕਿਰਿਆ ਸਬੰਧੀ ਵਿਸਤਰਿਤ ਨਿਗਰਾਨ ਲੀਹਾਂ ਜਾਰੀ ਕੀਤੀਆਂ ਜਾਣਗੀਆਂ। ਐਸ.ਐਨ.ਏ. ਵੱਲੋਂ ਆਰ.ਆਈ.ਐਸ. ਅਤੇ ਐਫ.ਪੀ.ਓ. ਮਿੱਤਰ ਦੀਆਂ ਕਾਰਗੁਜ਼ਾਰੀ ਪੈਮਾਨੇ ਸਬੰਧੀ ਵੀ ਵਿਸਤਰਿਤ ਨਿਗਰਾਨ ਲੀਹਾਂ ਜਾਰੀ ਕੀਤੀਆਂ ਜਾਣਗੀਆਂ ਤਾਂ ਜੋ ਐਫ.ਪੀ.ਓਜ਼ ਦੇ ਵਾਧੇ ਤੇ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ।
- ਐਸ.ਐਨ.ਏ.,ਐਫ.ਪੀ.ਓਜ਼ ਦੇ ਕਾਰੋਬਾਰ ਬਾਰੇ ਵਾਧੇ ਅਤੇ ਵਿਕਾਸ ਲਈ ਸੰਪਰਕ ਦੇ ਇਕਹਿਰੇ ਬਿੰਦੂ ਵਜੋਂ ਕੰਮ ਕਰੇਗਾ। ਇਹ ਐਫ.ਪੀ.ਓਜ਼ ਦੀ ਸਹਾਇਤਾ ਲਈ ਤਕਨੀਕੀ ਸਲਾਹਕਾਰ, ਚਾਰਟਡ ਅਕਾਊਂਟੈਂਟ(ਸੀ.ਏ.)ਅਤੇ ਹੋਰ ਮਾਹਰਾਂ ਦੀਆਂ ਸੇਵਾਵਾਂ ਮਿਹਨਤਾਨੇ ਤੇ ਲਵੇਗੀ। ਇਨ੍ਹਾਂ ਦਾ ਐਸ.ਐਨ.ਏ. ਵੱਲੋਂ ਨਿਯਮਤ ਨਿਰੀਖਣ ਕੀਤਾ ਜਾਵੇਗਾ। ਇਹ ਸਾਰੀਆਂ ਕਾਨੂੰਨੀ ਪਾਲਣਾਵਾਂ ਲਈ ਐਫ.ਪੀ.ਓਜ਼ ਦੀ ਸਹਾਇਤਾ ਕਰੇਗੀ।
- ਐਸ.ਐਨ.ਏ., ਐਫ.ਪੀ.ਓਜ਼ ਦੀਆਂ ਗਤੀਵਿਧੀਆਂ ਲਈ ਫੰਡ ਜੁਟਾਉਣ ਖਾਤਰ ਇਕ ਵਿਧੀ ਵਿਧਾਨ ਬਣਾਵੇਗੀ। ਇਸ ਲਈ ਇਹ ਮੌਜੂਦਾ ਵਿਤੀ ਸੰਸਥਾਵਾਂ ਨਾਬਾਰਡ ਅਤੇ ਹੋਰ ਸਰਕਾਰੀ ਏਜੰਸੀਆਂ ਨਾਲ ਗੱਠਜੋੜ ਕਰੇਗੀ। ਫੰਡ ਐਸ.ਐਫ.ਏ.ਸੀ. ਵੱਲੋਂ ਪ੍ਰਦਾਨ ਕੀਤੇ ਜਾਣਗੇ। ਇਹ ਭਾਰਤ ਸਰਕਾਰ ਦੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਸਕੀਮ ਅਧੀਨ ਹੋਣਗੇ।
- ਐਸ.ਐਨ.ਏ. ਸਿਖਲਾਈ ਦੇਣ ਅਤੇ ਸਮੇਂ ਸਿਰ ਹੋਰ ਲੋੜੀਂਦੀਆਂ ਸੇਵਾਵਾਂ ਦੇਣ ਲਈ ਆਰ.ਆਈ.ਐਸ. ਨਾਲ ਤਾਲਮੇਲ ਕਰੇਗੀ।



- ਇਸ ਨੀਤੀ ਅਧੀਨ ਐਸ.ਐਨ.ਏ. ਦੀਆਂ ਗਤੀਵਿਧੀਆਂ ਨੂੰ ਨੇਪਰੇ ਚੜਾਉਣ ਲਈ ਸਾਲਾਨਾ ਬੱਜਟ ਤਿਆਰ ਕਰੇਗੀ। ਐਸ.ਐਲ.ਸੀ. ਦੀ ਸਿਫਾਰਸ਼ ਤੇ ਵਿਤ ਵਿਭਾਗ ਪੰਜਾਬ ਸਰਕਾਰ ਫੰਡ ਜਾਰੀ ਕਰਨ ਲਈ ਤਜਵੀਜ ਤੇ ਵਿਚਾਰ ਕਰੇਗੀ।
- ਐਸ.ਐਲ.ਸੀ. ਦੀ ਪ੍ਰਵਾਨਗੀ ਬਾਅਦ ਐਸ.ਐਨ.ਏ. ਵਖ ਵਖ ਆਰ.ਆਈ.ਐਸ. ਲਈ ਫੰਡ ਜਾਰੀ ਕਰੇਗੀ।
- ਐਸ.ਐਨ.ਏ., ਐਸ.ਐਫ.ਏ.ਸੀ. ਦੇ ਸਹਿਯੋਗ ਨਾਲ ਐਫ.ਪੀ.ਓਜ਼ ਅਤੇ ਅਦਾਨ ਪ੍ਰਦਾਤਾਵਾਂ, ਤਕਨੀਕੀ ਪ੍ਰਦਾਤਾਵਾਂ, ਵਿਸਤਾਰ ਅਤੇ ਖੋਜ ਏਜੰਸੀਆਂ, ਮੰਡੀਕਰਨ ਅਤੇ ਪ੍ਰਕਿਰਿਆ ਕਰਨ ਵਾਲਿਆਂ ਨਾਲ ਜਨਤਕ ਅਤੇ ਨਿੱਜੀ ਦੋਹਾਂ ਖੇਤਰਾਂ ਦਰਮਿਆਨ ਕਾਇਮ ਰਹਿਣ ਵਾਲੇ ਸਬੰਧ ਵੀ ਪੈਦਾ ਕੀਤੇ ਜਾਣਗੇ।

ਅਨੀਰੁੱਧ ਤਿਵਾੜੀ
ਵਧੀਕ ਮੁੱਖ ਸਕੱਤਰ( ਵਿਕਾਸ)
ਖੇਤੀਬਾੜੀ ਕਿਸਾਨ ਅਤੇ ਭਲਾਈ ਵਿਭਾਗ
ਚੰਡੀਗੜ੍ਹ, ਮਿਤੀ 14.9.2020

ਚੰਡੀਗੜ੍ਹ, ਮਿਤੀ 31.08.2020
ਪਿੱਠ ਅੰਕਣ ਨੰ:25/24/15-ਖੇਤੀ-4(2)5781

ਪਿੱਠ ਅੰਕਣ ਨੰ:25/24/15-ਖੇਤੀ-4(2)5782
ਚੰਡੀਗੜ੍ਹ, ਮਿਤੀ 14.9.2020

ਸੰਯੁਕਤ ਸਕੱਤਰ,ਖੇਤੀਬਾੜੀ

# I. ਟੀਚੇ ਅਤੇ ਉਦੇਸ਼

ਇਸ ਸਮੇਂ ਪੰਜਾਬ ਦੇ ਛੋਟੇ ਅਤੇ ਸੀਮਾਂਤ ਕਿਸਾਨ ਘੱਟ ਵਸੀਲਿਆਂ, ਵੱਧਦੇ ਖੇਤੀ ਖਰਚਿਆਂ, ਮੌਸਮੀ ਮਾਰਾਂ ਅਤੇ ਮੰਡੀ ਦੇ ਉਤਰਾ–ਚੜ੍ਹਾਅ ਕਾਰਨ ਔਖੇ ਸਮਿਆਂ ਵਿਚੋਂ ਲੰਘ ਰਹੇ ਹਨ। ਥੋੜ੍ਹੀ ਜ਼ਮੀਨ ਨਾਲ ਕਿਸਾਨਾਂ ਨੂੰ ਖੇਤੀ ਦੇ ਕੰਮ ਕਰਨੇ ਆਰਥਿਕ ਪੱਖੋਂ ਹੋਰ ਵੀ ਔਖੇ ਹੋ ਜਾਣਗੇ। ਇਹ ਬੜਾ ਚੁਣੌਤੀ ਵਾਲਾ ਕੰਮ ਹੈ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਇਸ ਢੰਗ ਨਾਲ ਕੱਢਿਆ ਜਾਵੇ ਕਿ ਕਿਸਾਨੀ ਦੀਆਂ ਲੋੜਾਂ ਪੂਰੀਆਂ ਹੋ ਸਕਣ। ਐਫ.ਪੀ.ਓ. ਦਾ ਉਦੇਸ਼ ਉਤਪਾਦਕਾਂ ਨੂੰ, ਉਨ੍ਹਾਂ ਦੇ ਆਪਣੇ ਸੰਗਠਨ ਰਾਹੀਂ ਵਧੇਰੇ ਚੰਗੀ ਆਮਦਨੀ ਦੇਣਾ ਹੈ। ਇਸਦੇ ਰਾਹੀਂ ਬੁਨਿਆਦੀ(ਅਸਲ/ ਮੂਲ)ਉਤਪਾਦਕ ਖਰੀਦ ਅਤੇ ਵੇਚ ਦੋਹਾਂ ਖੇਤਰਾਂ ਵਿਚ ਆਰਥਿਕ ਤੌਰ ਤੇ ਲਾਭ ਪ੍ਰਾਪਤ ਕਰ ਸਕਦੇ ਹਨ।

# II. ਕਿਸਾਨ ਉਤਪਾਦਕ ਸੰਗਠਨ

ਕਿਸਾਨ ਉਤਪਾਦਕ ਸੰਗਠਨ, ਉਤਪਾਦਕ ਕਿਸਾਨਾਂ ਵੱਲੋਂ ਆਪਸ ਵਿਚ ਮਿਲਕੇ ਹਿੱਸੇਦਾਰੀ ਨਾਲ ਬਣਾਇਆ ਰਜਿਸਟਰਡ ਸੰਗਠਨ ਹੈ। ਇਹ ਕਿਸਾਨਾਂ ਦੁਆਰਾ ਪੈਦਾ ਕੀਤੀਆਂ ਜਿਣਸਾਂ ਨੂੰ ਵਪਾਰਕ ਪੱਧਰ ਤੇ ਵੇਚਣ ਦੀਆਂ ਸਰਗਰਮੀਆਂ ਨਾਲ ਸਬੰਧਤ ਹੈ। ਇਹ ਆਪਣੇ ਕਿਸਾਨ ਮੈਂਬਰਾਂ ਦੇ ਲਾਭ ਹਿਤ ਲਈ ਕੰਮ ਕਰੇਗਾ ।ਐਫ.ਪੀ.ਓ ਇੱਕ ਆਮ (ਜੈਨਰਿਕ)ਨਾਂ ਹੈ ਜਿਸ ਵਿੱਚ ਕਿਸਾਨ ਉਤਪਾਦਕ ਸੰਗਠਨ ਹਨ ਜਿਹੜੇ ਕੰਪਨੀ ਐਕਟ ਦੇ ਪਾਰਟ 9 ਏ ਅਧੀਨ ਰਜਿਸਟਰ ਹਨ ਜਾਂ ਸਬੰਧਤ ਰਾਜਾਂ ਦੇ ਕੋਆਪ੍ਰੇਟਿਵ ਸੁਸਾਇਟੀ ਐਕਟ ਅਧੀਨ ਹਨ, ਜਿਨ੍ਹਾਂ ਨੂੰ ਬਣਾਉਣ ਦਾ ਮੰਤਵ ਖੇਤੀ ਅਤੇ ਖੇਤੀ ਨਾਲ ਸਬੰਧਤ ਖੇਤਰਾਂ ਦੀ ਪੈਦਾਵਾਰ ਅਤੇ ਮੰਡੀਕਰਨ ਵਿੱਚ ਸਾਂਝ ਨਾਲ ਕਿਸਾਨਾਂ ਨੂੰ ਆਰਥਿਕ ਲਾਭ ਪਹੁੰਚਾਉਣਾ ਹੈ।

# III. ਲਾਗੂ ਕਰਨ ਵਾਲੀਆਂ ਏਜੰਸੀਆਂ: ਕਰਤੱਵ ਅਤੇ ਜ਼ਿੰਮੇਵਾਰੀਆਂ

ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ, ਸਟੇਟ ਨੋਡਲ ਏਜੰਸੀ (ਐਸ.ਐਨ.ਏ) ਵਜੋਂ ਕੰਮ ਕਰਦਿਆਂ ਖੇਤੀ ਅਧਾਰਤ ਵਪਾਰਕ ਸਰਗਰਮੀਆਂ ਨੂੰ ਐਫ.ਪੀ.ਓ. ਰਾਹੀਂ ਪ੍ਰੇਰਨ ਅਤੇ ਉਤਸ਼ਾਹ ਦੇ ਕੇ ਅੱਗੇ ਵਧਾਉਣ ਵਾਲੀ ਏਜੰਸੀ ਵਜੋਂ ਕੰਮ ਕਰੇਗੀ।

## ਐੱਸ. ਐਨ. ਏ. ਵੱਲੋਂ ਆਰ ਆਈਜ਼ ਦੀ ਮਦਦ ਨਾਲ ਜਿਹੜੀ ਸਹਾਇਤਾ ਦਿੱਤੀ ਜਾਵੇਗੀ

- ਐਸ . ਐਨ . ਏ ਦੀ ਭੂਮਿਕਾ
    - ਖੇਤੀ ਅਧਾਰਤ ਵਪਾਰਕ ਸਰਗਰਮੀਆਂ ਨੂੰ ਐਫ . ਪੀ . ਓ. ਰਾਹੀਂ ਪ੍ਰੇਰਨ ਅਤੇ ਉਤਸ਼ਾਹ ਦੇ ਕੇ ਅੱਗੇ ਵਧਾਉਣ ਵਾਲੀ ਏਜੰਸੀ ਵਜੋਂ ਕੰਮ ਕਰੇਗੀ।
    - ਐਫ . ਪੀ . ਓ. ਲਈ ਐਸ . ਐਨ . ਏ. ਇਕ ਖਿੜਕੀ ਵਾਲੀ ਸੰਸਥਾ ਵਜੋਂ ਕੰਮ ਕਰੇਗੀ ਅਤੇ ਨਿਵੇਸ਼ਕਾਂ ਤਕਨੀਕੀ ਪ੍ਰਦਤਾਵਾਂ ਅਤੇ ਮੰਡੀ ਵਿਚਾਲੇ ਸਬੰਧਾਂ ਨੂੰ ਅੱਗੇ ਵਧਾਏਗੀ।
    - ਐਫ . ਪੀ . ਓ. ਵਾਧੇ ਅਤੇ ਵਿਕਾਸ ਵਿਚ ਲੱਗੀਆਂ ਸਾਰੀਆਂ ਧਿਰਾਂ ਨੂੰ ਸਰਬਪੱਖੀ ਸਹਾਇਤਾ ਦੇਵੇਗੀ।
    - ਇਹ ਐਫ . ਪੀ . ਓ. ਅਤੇ ਅਦਾਨ ਪ੍ਰਦਤਾਵਾਂ, ਤਕਨੀਕੀ ਪ੍ਰਦਤਾਵਾਂ, ਵਿਸਤਾਰ ਅਤੇ ਖੋਜ ਸੰਸਥਾਵਾਂ, ਏਜੰਸੀਆਂ, ਮੰਡੀਕਰਨ ਅਤੇ ਪ੍ਰੋਸੈਸਿੰਗ ਕਰਨ ਵਾਲਿਆਂ ਨਾਲ ਨਿੱਜੀ ਅਤੇ ਜਨਤਕ ਦੋਹਾਂ ਖੇਤਰਾਂ ਵਿਚ ਲੰਮੇ ਸਮੇਂ ਦੇ ਟਿਕਾਊ ਸਬੰਧ ਬਣਾਵੇਗੀ।
    - ਐਸ . ਐਨ . ਏ . , ਐਫ . ਪੀ . ਓ. ਲਈ ਮੰਡੀ ਦੀ ਸੂਝ ਵਿਕਸਤ ਕਰਨ, ਆਡਿਟਰਾਂ ਦੀ ਸੂਚੀ ਬਨਾਉਣ ਤੇ ਸੇਵਾਵਾਂ ਲੈਣ ਲਈ ਮੁਲੰਕਣ ਅਤੇ ਹੋਰ ਸਾਰੀਆਂ ਪਿੱਛੋਂ ਸਹਾਇਤਾ ਕਰਨ ਵਾਲੀਆਂ ਜੋ ਵੀ ਸੇਵਾਵਾਂ ਚਾਹੀਦੀਆਂ ਹੋਣਗੀਆਂ, ਦੇਵੇਗੀ।
    - ਐਸ . ਐਨ . ਏ. ਕਰਜਾ ਲੈਣ ਅਤੇ ਹਰ ਐਫ . ਪੀ . ਓ. ਕੋਲ ਮੌਜੂਦ ਬੁਨਿਆਦੀ ਢਾਂਚੇ ਦੇ ਵਿਰੁੱਧ ਪੇਸ਼ਗੀ ਲੈਣ ਲਈ ਸਹੂਲਤ ਦੇਵੇਗੀ।
    - ਐਸ . ਐਨ . ਏ., ਐਫ . ਪੀ . ਓ. ਦੀਆਂ ਸਰਗਰਮੀਆਂ ਨੂੰ ਫੰਡ ਕਰਨ ਲਈ ਢੰਗ ਤਰੀਕੇ ਬਨਾਉਣ ਹਿਤ ਪਹਿਲਾਂ ਮੌਜੂਦ ਵਿਤੀ ਸੰਸਥਾਵਾਂ ਜਿਵੇਂ ਨਾਬਾਰਡ ਅਤੇ ਹੋਰ ਸਰਕਾਰੀ ਏਜੰਸੀਆਂ ਨਾਲ ਮੇਲਜੋਲ ਦਾ ਉਪਰਾਲਾ ਕਰੇਗੀ।
    - ਐਸ . ਐਨ . ਏ. ਸੰਸਾਧਨ ਸੰਸਥਾ ਆਰ . ਆਈ. ਦੀ ਨਿਯੁਕਤੀ ਕਰੇਗੀ।
    - ਐਸ . ਐਨ . ਏ. ਆਰ . ਆਈ. ਦੀ ਸਲਾਹ ਤੇ ਐਫ . ਪੀ . ਓ. ਮਿੱਤਰ ਨਿਯੁਕਤ ਕਰੇਗੀ।



1. ਵਿੱਤ ਅਤੇ ਬੈਂਕਾਂ ਨਾਲ ਤਾਲਮੇਲ ਕਰਨ ਵਿੱਚ
2. ਫਸਲ ਵੇਚਣ/ਚੁਕਾਉਣ ਵਿੱਚ
3. ਪ੍ਰੋਸੈਸਿੰਗ ਅਤੇ ਕੀਮਤ ਵਧਾਉਣ ਵਿੱਚ
4. ਵਾਪਾਰ ਵਿੱਚ
5. ਖੇਤੀ ਅਦਾਨ ਭਾਵ ਖੇਤੀ ਵਿੱਚ ਕੰਮ ਕਰਨ ਆਉਣ ਵਾਲੀਆਂ ਚੀਜ਼ਾਂ ਕੀਟਨਾਸ਼ਕ, ਨਦੀਨਨਾਸ਼ਕ, ਖਾਦਾਂ, ਬੀਜ ਆਦਿ ਲਈ
6. ਤਕਨੀਕੀ ਸਹਾਇਤਾ
7. ਟ੍ਰੇਨਿੰਗ ਵਰਕਸ਼ਾਪ ਅਤੇ ਮੈਂਬਰਾਂ ਨੂੰ ਕੰਮਕਾਰ ਸਬੰਧੀ ਨਵੀਆਂ ਥਾਵਾਂ ਤੇ ਘੁਮਾਉਣਾ ਫਿਰਾਉਣਾ।
8. ਵਿਸਤਾਰ
9. ਪੈਕਿੰਗ
10. ਵਢਾਈ /ਛੜ੍ਹਾਈ /ਤੁੜਾਈ
11. ਵਢਾਈ /ਛੜ੍ਹਾਈ /ਤੁੜਾਈ ਤੋਂ ਬਾਅਦ ਦਾ ਪ੍ਰਬੰਧ
12. ਭੰਡਾਰਨ
13. ਮਿਆਰੀਕਰਨ, ਮਾਪਣਾ ਅਤੇ ਪਰਖ (ਗ੍ਰੇਡਿੰਗ,ਮਾਈਨਿੰਗ ਅਤੇ ਟੈਸਟਿੰਗ)
14. ਖਾਤਾ ਸੰਭਾਲਣਾ ਅਤੇ ਅਦਾਇਗੀਆਂ ਆਦਿ ਕਰਨੀਆਂ
15. ਮਾਰਕਾ ਬਣਾਉਣਾ ਅਤੇ ਪ੍ਰਚੱਲਿਤ ਕਰਨ (ਬ੍ਰਾਂਡਿੰਗ ਲੇਬਲਿੰਗ)

16 ਵੇਚਣਾ ਵੇਚ ਅਤੇ ਮੰਡੀਕਰਨ

17 ਢੋਆ ਢੁਆਈ

18. ਪ੍ਰਮਾਣ ਪੱਤਰ ਕਰਨ ਅਤੇ ਹੋਰ ਲੋੜੀਂਦੇ ਕਾਗ਼ਜ਼ਾਤ ਪੂਰੇ ਕਰਨ

19. ਵਾਤਾਵਰਨ ਦੇ ਮਸਲੇ : ਰਹਿੰਦ ਖ਼ੂੰਹਦ ਦਾ ਪ੍ਰਬੰਧ

20 ਨੈੱਟਵਰਕ :ਆਪਸੀ ਮੇਲ ਜੋਲ

21 ਬੀਮਾ

ਐਸ.ਐਨ.ਏ ਕੋਲ ਜੋ ਸਹੂਲਤਾਂ ਪਹਿਲਾ ਹੀ ਹਨ:

- ਏ.ਪੀ. ਈ. ਡੀ. ਏ (APEDA) ਪ੍ਰਵਾਨ ਪੈੱਕ ਹਾਊਸ
- ਜੂਸ ਪਲਾਂਟ ਜਿਸ ਵਿੱਚ ਸਤ ਕੱਢਣ (ਕੰਨਸਨਟਰੇਸ਼ਨ) ਅਤੇ ਪ੍ਰੋਸੈਸਿੰਗ ਅਤੇ ਬ੍ਰੀਵੇਜ ਬਣਾਉਣ ਦਾ ਸਾਰਾ ਸਾਜ਼ੋ ਸਮਾਨ ਮੌਜੂਦ ਹੈ
- ਕੈਂਰੱਟ ਲਾਈਨ ਵਾਸਿੰਗ (ਧੋਣ), ਸੀਡਿੰਗ, ਗ੍ਰੇਡਿੰਗ ਅਤੇ ਸ਼ਾਰਟਿੰਗ (ਛਾਟਣ) ਦਾ ਪ੍ਰਬੰਧ ਹੈ

ਐਸ.ਐਨ.ਏ. ਵੱਲੋਂ ਸੰਸਾਧਨ ਸੰਸਥਾਵਾਂ (ਰੀਸੋਰਸ ਇੰਸਟੀਚਿਊਟ:ਆਰ.ਆਈ) ਨਿਯੁਕਤ ਕਰੇਗੀ।

ਆਰ.ਆਈ. ਵਿਚ ਨਿਮਨ ਲਿਖਤ ਸ਼ਾਮਲ ਹੋਣਗੇ:

- ਖੇਤੀਬਾੜੀ ਅਤੇ ਸਬੰਧਤ ਗਤੀਵਿਧੀਆਂ ਵਿਚ ਲੱਗੇ ਪੰਜਾਬ ਸਰਕਾਰ ਦੇ ਵਿਭਾਗ
- ਰਾਜ ਖੇਤੀਬਾੜੀ ਅਤੇ ਵੈਟਰਨਰੀ ਯੂਨੀਵਰਸਿਟੀ
- ਹੋਰ ਰਾਜ ਅਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਜੋ ਖਰੀਦ, ਪ੍ਰੋਸੈਸਿੰਗ ਅਤੇ ਖੇਤੀਬਾੜੀ ਉਤਪਾਦਾਂ/ਖੇਤੀਬਾੜੀ ਅਦਾਨਾਂ ਦੇ ਮੰਡੀਕਰਨ ਵਿੱਚ ਹਨ।

## ਆਰ . ਆਈ . ਰਿਸੋਰਸ ਇੰਸੀਚਿਊਸ਼ਨ ਭਾਵ ਸੰਸਾਧਨ ਸੰਸਥਾ ਦੀ ਭੂਮਿਕਾ

- ਕਿਸਾਨਾਂ ਨੂੰ ਐਫ.ਪੀ.ਓ. ਬਨਾਉਣ ਲਈ ਸਰਗਰਮ ਕਰੇਗੀ।
- ਆਰ.ਆਈ. ਤਕਨੀਕੀ ਸਹਾਇਤਾ ਦੇਵੇਗੀ।
- ਐਫ.ਪੀ.ਓ. ਦੇ ਮੈਂਬਰਾਂ ਨੂੰ ਸਹਾਇਤਾ ਦੇਵੇਗੀ।
- ਸੰਭਵ ਅਤੇ ਟਿਕਾਊ ਐਫ.ਪੀ.ਓ. ਬਣਾਵੇਗੀ।
- ਕਿਸਾਨਾਂ, ਕਿਸਾਨ ਔਰਤਾਂ, ਨੌਜੁਆਨਾਂ ਵਿਚ ਐਫ.ਪੀ.ਓ. ਬਾਰੇ ਜਾਗਰੂਕਤਾ ਪੈਦਾ ਕਰੇਗੀ।
- ਐਫ.ਪੀ.ਓ. ਦੇ ਮੈਂਬਰ ਬਣਨ ਤੋਂ ਪਹਿਲਾਂ ਸੰਭਾਵੀ ਮੈਂਬਰਾਂ ਨੂੰ ਵਿਸ਼ੇਸ਼ ਟ੍ਰੇਨਿੰਗ ਦੇਵੇਗੀ। ਇਹ ਟ੍ਰੇਨਿੰਗ, ਮੈਂਬਰ ਬਣਨ ਤੋਂ ਬਾਅਦ ਵੀ ਕੰਮ ਹੱਥ ਲੈਣ ਦੇ ਸਮੇਂ ਦੌਰਾਨ ਜਾਰੀ ਰਹੇਗੀ।
- ਐਫ.ਪੀ.ਓ. ਨੂੰ ਕੇਂਦਰ ਅਤੇ ਰਾਜ ਸਰਕਾਰ ਦੀਆਂ ਵੱਖ ਵੱਖ ਮਨਿਸਟਰੀਆਂ ਅਤੇ ਮਹਿਕਮਿਆਂ ਦੀਆਂ ਸਕੀਮਾਂ ਦਾ ਲਾਭ ਉਠਾਉਣ ਵਿਚ ਸਹਾਇਤਾ ਕਰੇਗੀ।
- ਆਰ.ਆਈ., ਐਫ.ਪੀ.ਓ. ਦਾ ਤਕਨੀਕੀ ਕੰਮ ਪ੍ਰਬੰਧਕੀ ਅਤੇ ਵਪਾਰਕ ਹੁਨਰਾਂ ਵਿਚ ਪਰਪੱਕ ਕਰਨ ਲਈ ਪੰਜ ਸਾਲ ਲਈ ਹੱਥ ਫੜੇਗੀ ਤਾਂ ਜੋ ਉਹ ਪੰਜ ਸਾਲ ਪੂਰੇ ਹੋਣ ਤੇ ਆਪਣੇ ਆਪ ਵੱਧ ਫੁੱਲ ਸਕੇ।
- ਪਿੱਛੇ ਦੱਸੇ ਕੰਮਾਂ ਲਈ ਆਰ.ਆਈ. ਤਕਨੀਕੀ, ਵਪਾਰਕ ਅਤੇ ਵਣਜ ਖੇਤਰਾਂ ਦੇ ਮਾਹਿਰਾਂ ਦਾ ਪੂਲ ਤਿਆਰ ਕਰੇਗੀ ਜੋ ਐਫ.ਪੀ.ਓ. ਦੇ ਮਿੱਤਰ ਵਜੋਂ ਜਾਣੇ ਜਾਣਗੇ।
- ਐਫ.ਪੀ.ਓ. ਦੇ ਪ੍ਰਬੰਧਕਾਂ ਅਤੇ ਅਮਲੇ ਫੈਲੇ ਦੀ ਲਗਾਤਾਰ ਟ੍ਰੇਨਿੰਗ ਨਾਲ ਸਮਰਥਾ ਵਿਕਸਤ ਕਰੇਗੀ।

## ਐਫ.ਪੀ.ਓ. ਮਿੱਤਰ ਦੀ ਭੂਮਿਕਾ

- ਐਸ.ਐਨ.ਏ. ਆਰ.ਆਈ. ਦੀ ਸਿਫਾਰਸ਼ ਰਾਹੀਂ ਐਫ.ਪੀ.ਓ. ਮਿੱਤਰ ਲਗਾਏਗੀ।
- ਐਫ.ਪੀ.ਓ. ਮਿੱਤਰ ਦੀ ਯੋਗਤਾ
- ਸਬੰਧਤ ਵਿਸ਼ੇ ਵਿਚ ਗ੍ਰੈਜੂਏਟ (ਵਿਸ਼ੇਸਗਤਾ) ਵਾਲੀ ਡਿਗਰੀ, ਬੀ.ਐਸ-ਸੀ.ਐਗਰੀਕਲਚਰ,ਹਾਰਟੀਕਲਚਰ,ਡੇਅਰੀ ਤਕਨਾਲੋਜੀ, ਫੂਡ ਪ੍ਰੋਸੈਸਿੰਗ / ਫੂਡ ਤਕਨਾਲੋਜੀ,ਵੈਟਰਨਰੀ,ਐਨੀਮਲ ਹਸਬੈਂਡਰੀ, ਫਿਸ਼ਰੀ ਆਦਿ। ਐਸ.ਐਨ.ਏ, ਪੋਸਟ ਗ੍ਰੈਜੂਏਟ ਅਤੇ ਖੇਤੀਬਾੜੀ ਕਾਰੋਬਾਰ ਤਜ਼ਰਬੇ ਨੂੰ ਪਹਿਲ ਦੇ ਸਕਦੀ ਹੈ।
- ਘੱਟੋ ਘੱਟ ਇੱਕ ਤੋਂ ਵੱਧ ਐਫਪੀਓ ਮਿੱਤਰ ਹਰ ਇੱਕ ਐੱਫ.ਪੀ.ਓ ਨੂੰ ਆਰ.ਆਈ ਦੀ ਸਲਾਹ ਤੇ ਐਸ.ਐਨ. ਏ ਵੱਲੋਂ ਦਿੱਤਾ ਜਾਵੇਗਾ। ਐਸ.ਐਨ. ਏ ਅਤੇ ਆਰ.ਆਈ ਵੱਲੋਂ ਐਫਪੀਓ ਮਿੱਤਰ ਦੀ ਐੱਫ. ਓ. ਪੀਓ ਬਣਾਉਣ ਅਤੇ ਚਲਾਉਣ ਦੀ ਕਾਰਗੁਜ਼ਾਰੀ ਨੂੰ ਨਿਗਰਾਨੀ ਹੇਠ ਰੱਖਿਆ ਜਾਵੇਗਾ।
- ਐੱਫ.ਪੀ.ਓ ਮਿੱਤਰ ਕੋਲ ਕੋਈ ਅਜਿਹਾ ਅਧਿਕਾਰ ਨਹੀਂ ਹੋਵੇਗਾ ਕਿ ਉਹ ਐੱਫ.ਪੀ.ਓ ਬੋਰਡ ਜਾਂ ਮੈਂਬਰਾਂ ਦੇ ਫ਼ੈਸਲਿਆਂ ਨੂੰ ਪ੍ਰਭਾਵਤ ਕਰ ਸਕੇ।ਉਸਦੀ ਭੂਮਿਕਾ ਐਫਪੀਓ ਬੋਰਡ ਅਤੇ ਮੈਂਬਰਾਂ ਦੇ ਫ਼ੈਸਲਿਆਂ ਨੂੰ ਕਾਰਜਸ਼ੀਲ ਕਰਨ ਵਿੱਚ ਸਹਾਇਤਾ ਕਰਨ ਤਕ ਸੀਮਤ ਹੋਵੇਗੀ ।
- ਐਸ.ਐਨ.ਏ ਆਪਣੇ ਫੈਸਲੇ ਨਾਲ ਜਾਂ ਆਰ ਆਈ ਦੀ ਸਲਾਹ ਤੇ ਇਕ ਤੋਂ ਵਧੇਰੇ ਐੱਫ ਮਿੱਤਰ ਲਗਾ ਸਕਦਾ ਹੈ ਜਾਂ ਹਟਾ ਸਕਦਾ ਹੈ ਜਾਂ ਕਿਸੇ ਨੂੰ ਬਦਲ ਸਕਦਾ ਹੈ।
- ਐੱਫ ਪੀ ਓ ਮਿੱਤਰ ਹਰ ਦਸ ਦਿਨਾਂ ਬਾਅਦ ਆਪਣੇ ਕੰਮ ਦੀ ਰਿਪੋਰਟ ਐੱਸ.ਐਨ.ਏ ਅਤੇ ਆਰ.ਆਈ ਦੋਹਾਂ ਕੋਲ ਜਮ੍ਹਾ ਕਰਵਾਏਗਾ।
- ਐੱਫ.ਪੀ.ਓ ਮਿੱਤਰ, ਐੱਫ.ਪੀ.ਓ ਦੀਆਂ ਰੋਜ਼ਾਨਾ ਗਤੀਵਿਧੀਆਂ ਵਿਚ ਸਹਾਇਤਾ ਕਰੇਗਾ।
- ਐਫਪੀਓ ਮਿੱਤਰ, ਕੰਪਨੀ ਬਣਾਉਣ ਲਈ ਮਾਹਰਾਂ, ਮੰਡੀਕਰਨ ਲਈ ਸਬੰਧ ਬਣਾਉਣੇ / ਨਿਯਮ ਪੂਰਤੀਆਂ, ਅੰਦਰੂਨੀ ਆਡਿਟ,ਖਾਤੇ ਬਣਾਉਣੇ, ਖਾਤਿਆਂ ਦਾ ਹਿਸਾਬ ਕਿਤਾਬ ਰੱਖਣਾ,ਵਿਧਾਨਕ ਆਡਿਟ, ਟੈਕਸ ਸਬੰਧੀ ਜ਼ਰੂਰੀ ਨਿਯਮਾਂ ਦੀ ਪੂਰਤੀ ਆਦਿ ਅਤੇ ਐਫਪੀਓ ਮੈਂਬਰਾਂ ਦੇ ਟ੍ਰੇਨਿੰਗ ਵਿਚ ਤਾਲਮੇਲ ਆਦਿ ਪੈਦਾ ਕਰੇਗਾ ।
- ਐਫ.ਪੀ.ਓ. ਮਿੱਤਰ ਵਪਾਰਕ ਖਾਕਾ ਤਿਆਰ ਕਰੇਗਾ ਅਤੇ ਅਮਲ ਵਿਚ ਲਿਆਉਣ ਵਿਚ ਸਹਾਇਤਾ ਕਰੇਗਾ। ਐਫ.ਪੀ.ਓ. ਮਿੱਤਰ ਆਰ.ਆਈ. ਅਤੇ ਹੋਰ ਮਾਹਿਰ ਸੰਸਥਾਵਾਂ ਜਾਂ ਵਿਅਕਤੀਆਂ ਤੋਂ ਐਫ.ਪੀ.ਓ. ਦੀਆਂ ਲੋੜਾਂ ਅਨੁਸਾਰ ਸਹਾਇਤਾ ਮੰਗ ਸਕਦਾ ਹੈ।
- ਮਿੱਤਰ ਖੁਦ ਐਫ.ਪੀ.ਓ. ਦੀਆਂ ਲੋੜਾਂ ਪਛਾਣੇਗਾ ਅਤੇ ਐਫ.ਪੀ.ਓ. ਦੇ ਬੋਰਡ ਦੀ ਮੀਟਿੰਗ ਵਿਚ ਪ੍ਰਵਾਨਗੀ ਲੈ ਕੇ ਐਸ.ਐਨ.ਏ. ਨੂੰ ਭੇਜੇਗਾ।
- ਮਿੱਤਰ ਦੀ ਕਾਰਗੁਜ਼ਾਰੀ ਦਾ ਮੁਲੰਕਣ ਐਫ.ਪੀ.ਓ. ਬੋਰਡ ਦੀ ਸਿਫਾਰਸ਼ ਦੇ ਅਧਾਰ ਤੇ ਐਸ.ਐਨ.ਏ. ਕਰੇਗੀ।

## ਬਣਤਰ

- ਡਾਇਰੈਕਟਰਾਂ, ਮੈਂਬਰਾਂ ਦੀ ਘੱਟੋ ਘੱਟ ਗਿਣਤੀ ਇਸ ਗੱਲ ਤੇ ਨਿਰਭਰ ਕਰੇਗੀ ਕਿ ਮੈਂਬਰ ਕਿਸਾਨਾਂ ਨੇ ਕਿਸ ਕਿਸਮ ਦਾ ਸੰਗਠਨ ਬਨਾਉਣਾ ਹੈ, ਹਰ ਹਾਲਤ ਵਿਚ ਬੋਰਡ ਆਫ ਡਾਇਰੈਕਟਰ ਵਿਚ ਘੱਟੋ ਘੱਟ ਇਕ ਮੈਂਬਰ ਔਰਤ ਜ਼ਰੂਰ ਹੋਵੇਗੀ।
- ਘੱਟੋ ਘੱਟ 50% ਤੋਂ ਉੱਪਰ ਛੋਟੇ ਅਤੇ ਸੀਮਾਂਤ ਕਿਸਾਨ ਹੋਣਗੇ।
- ਐਸ.ਐਨ.ਏ. ਘੱਟੋ ਘੱਟ ਬੋਰਡ ਆਫ ਡਾਇਰੈਕਟਰ ਵਿਚ ਇਕ ਮੈਂਬਰ ਨਾਮਜ਼ਦ ਕਰੇਗਾ।
- ਐਫ.ਪੀ.ਓ. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਜੋਂ ਰਜਿਸਟਰ ਹੋਵੇਗੀ:

1) ਕੰਪਨੀਜ਼ ਐਕਟ, 2013 ਅਧੀਨ ਪ੍ਰਾਈਵੇਟ ਲਿਮਟਿਡ ਕੰਪਨੀ
2) ਕੰਪਨੀਜ਼ ਐਕਟ, 2013 ਅਧੀਨ ਪਬਲਿਕ ਲਿਮਟਿਡ ਕੰਪਨੀ
3) ਕੰਪਨੀਜ਼ ਐਕਟ, 2013 ਅਧੀਨ ਉਤਪਾਦਕ ਕੰਪਨੀ
4) ਪੰਜਾਬ ਸਹਿਕਾਰੀ ਸਭਾਵਾਂ ਐਕਟ, 1961 ਅਧੀਨ ਰਜਿਸਟਰਡ ਕੀਤੀ ਗਈ ਸਹਿਕਾਰੀ ਸਭਾ
5) ਸੋਸਾਇਟੀ ਰਜਿਸਟ੍ਰੇਸ਼ਨ ਐਕਟ ,1860 ਅਧੀਨ ਰਜਿਸਟਰਡ ਕੀਤੀ ਗਈ ਸਭਾ
6) ਪੰਜਾਬ ਸਹਿਕਾਰੀ ਸਭਾਵਾਂ ਐਕਟ, 1961(1961 ਦਾ ਪੰਜਾਬ ਐਕਟ ਨੰ:25)

## ਐਫ.ਪੀ.ਓ. ਬਨਾਉਣ ਲਈ ਰਣਨੀਤੀ ਐਫ.ਪੀ.ਓ. ਨੂੰ ਪ੍ਰਾਈਵੇਟ ਲਿਮਟਿਡ/ਪਬਲਿਕ ਲਿਮਟਿਡ ਕੰਪਨੀ 2013 ਦੇ ਐਕਟ ਅਧੀਨ ਰਜਿਟ੍ਰੇਸ਼ਨ ਕਰਾਉਣ ਦੀ ਵਿਧੀ



- ਕੰਪਨੀ ਦਾ ਇਕ ਢੁਕਵਾਂ ਨਾਂ ਰੱਖ ਕੇ ਕਾਰਪੋਰੇਟ ਅਫੇਅਰਜ਼, ਮਨਿਸਟਰੀ ਤੋਂ ਪ੍ਰਵਾਨ ਕਰਾਉਣਾ ਹੋਵੇਗਾ।
- ਐਸੋਸੀਏਸ਼ਨ ਦੇ ਮੁੱਖ ਉਦੇਸ਼ਾਂ ਅਤੇ ਸਰਗਰਮੀਆਂ ਲਈ ਮੁਢਲੇ ਉਦੇਸ਼ ਅਤੇ ਵਿਧੀ ਵਿਧਾਨ ਲਈ ਧਾਰਾਵਾਂ ਦਾ ਖਰੜਾ ਤਿਆਰ ਕੀਤਾ ਜਾਵੇਗਾ।
- ਕੰਪਨੀ ਦੇ ਪ੍ਰਮੋਟਰ(ਮੁਢਲੇ ਸ਼ੁਰੂ ਕਰਨ ਵਾਲੇ ਮੈਂਬਰ)ਅਤੇ ਪਹਿਲੇ ਡਾਇਰੈਕਟਰਾਂ(ਪ੍ਰਾਈਵੇਟ ਕੰਪਨੀ ਵਿਚ ਘੱਟੋ ਘੱਟ 2 ਅਤੇ ਲਿਮਟਿਡ ਕੰਪਨੀ ਦੇ ਘੱਟੋ ਘੱਟ 3 ਮੈਂਬਰ)ਦੇ ਨਾਂ ਅਤੇ ਉਨ੍ਹਾਂ ਨਾਲ ਸਬੰਧਤ ਅੱਗੇ ਲਿਖਿਆ ਵਿਵਰਣ ਚਾਹੀਦਾ ਹੈ।
- ਸਾਰੇ ਮੈਂਬਰਾਂ ਦੇ ਪੈਨ ਕਾਰਡ ਅਤੇ ਆਧਾਰ ਕਾਰਡਾਂ ਦੀਆਂ ਸਵੈ ਤਸਦੀਕਸ਼ੁਦਾ ਕਾਪੀਆਂ।
- ਪਛਾਣ ਦਾ ਸਬੂਤ(ਵੋਟਰ ਕਾਰਡ, ਪਾਸਪੋਰਟ, ਡਰਾਈਵਿੰਗ ਲਾਈਸੈਂਸ, ਆਧਾਰ ਕਾਰਡ)
- ਰਿਹਾਇਸ਼ੀ ਸਬੂਤ(ਬੈਂਕ ਸਟੇਟਮੈਂਟ, ਬਿਜਲੀ ਦਾ ਬਿਲ, ਟੈਲੀਫੋਨ ਮੋਬਾਈਲ ਦਾ ਬਿਲ ਇਹ ਦੋ ਮਹੀਨਿਆਂ ਤੋਂ ਵੱਧ ਪੁਰਾਣੇ ਨਾ ਹੋਣ)
- ਜਨਮ ਸਥਾਨ
- ਕਿੱਤਾ
- ਵਿਦਿਅਕ ਯੋਗਤਾ
- ਟੈਲੀਫੋਨ ਤੇ ਮੋਬਾਈਲ ਨੰਬਰ
- ਈਮੇਲ ਆਈ.ਡੀ.
- ਮੌਜੂਦਾ ਰਿਹਾਇਸ਼ੀ ਸਥਾਨ ਤੇ ਕਿੰਨੀ ਦੇਰ ਤੋਂ ਰਹਿ ਰਹੇ ਹੋ?(ਜੇ ਮੌਜੂਦਾ ਪਤੇ ਤੇ ਰਹਿਣ ਦਾ ਸਮਾਂ ਸਾਲ ਤੋਂ ਘੱਟ ਹੈ ਤਾਂ ਇਸ ਤੋਂ ਪਹਿਲਾ ਪੁਰਾਣਾ ਪਤਾ)
- ਪਾਸਪੋਰਟ ਸਾਈਜ ਫੋਟੋ
- ਕਿਸ ਦੀ ਕਿੰਨੀ ਹਿੱਸੇਦਾਰੀ(ਸ਼ੇਅਰ)ਹੈ

ਕੰਪਨੀ ਦਾ ਰਜਿਸਟਰਡ ਦਫਤਰ:

1. ਕਿਸ ਦੀ ਜਾਇਦਾਦ ਹੈ
2. ਕੰਪਨੀ ਦੀ
3. ਡਾਇਰੈਕਟਰ ਦੀ
4. ਕੰਪਨੀ ਨੇ ਲੀਜ਼ ਤੇ ਨਾ ਲਿਆ ਹੋਵੇ
5. ਕਿਸੇ ਹੋਰ ਵਿਅਕਤੀ ਦਾ
6. ਕੰਪਨੀ ਨੇ ਲੀਜ਼ ਤੇ ਤਾਂ ਨਹੀਂ ਲਿਆ

- ਕੰਪਨੀ ਦੇ ਦਫਤਰ ਹੋਣ ਦਾ ਸਬੂਤ ਦਿੰਦਾ ਵਰਤੋਂ ਬਿਲ (ਬਿਜਲੀ, ਮੋਬਾਈਲ, ਟੈਲੀਫੋਨ,ਗੈਸ ਆਦਿ ਦਾ ਪਰ ਦੋ ਮਹੀਨਿਆਂ ਤੋਂ ਪੁਰਾਣਾ ਨਹੀਂ)
- ਰਜਿਸਟਰਡ ਦਫਤਰ ਹੋਣ ਦਾ ਸਬੂਤ

ਲੀਜ਼/ਕਿਰਾਏ ਦਾ ਇਕਰਾਰਨਾਮਾ ਰਸੀਦਾਂ ਸਮੇਤ

ਸਥਾਨ ਨੂੰ ਕੰਪਨੀ ਦਫਤਰ ਵਜੋਂ ਵਰਤਣ ਲਈ ਕੋਈ ਇਤਰਾਜ਼ ਨਹੀਂ ਦਾ ਪ੍ਰਮਾਣ ਪੱਤਰ।

ਡਾਇਰੈਕਟਰ ਵਜੋਂ ਕੰਮ ਕਰਨ ਦੀ ਸਹਿਮਤੀ

ਡਾਇਰੈਕਟਰ ਨੂੰ ਆਪਣੀ ਰੁਚੀ ਹਿਤ ਪਰਗਟ ਕਰਨੇ ਪੈਣਗੇ ਜੇ ਉਹ ਕਿਸੇ ਹੋਰ ਕੰਪਨੀ ਦਾ ਵੀ ਡਾਇਰੈਕਟਰ ਹੋਵੇ ਤਾਂ।

ਐਸੋਸੀਏਸ਼ਨ ਦੇ ਵਿਧਾਨ ਸੰਵਿਧਾਨ ਉੱਪਰ ਦੋ ਡਿਜ਼ੀਟਲ ਸਿਗਨੇਚਰ ਹੋਣ।

## ਪੰਜਾਬ ਕੋਆਪਰੇਟਿਵ ਸੋਸਾਇਟੀ 1961 ਅਧੀਨ ਐਫ.ਪੀ.ਓ. ਰਜਿਸਟਰ ਕਰਨ ਦੀ ਵਿਧੀ

ਅਜਿਹੀ ਸਭਾ ਸੋਸਾਇਟੀ ਜਿਸ ਦਾ ਉਦੇਸ਼ ਆਪਣੇ ਮੈਂਬਰਾਂ ਦੇ ਆਰਥਿਕ ਹਿਤਾਂ ਨੂੰ ਸਹਿਕਾਰੀ ਨਿਯਮਾਂ ਅਨੁਸਾਰ ਵਧਾਉਣਾ ਹੋਵੇ ਜਾਂ ਅਜਿਹੀ ਸੋਸਾਇਟੀ ਜਿਸ ਦਾ ਉਦੇਸ਼ ਅਜਿਹੀ ਸੋਸਾਇਟੀ ਨੂੰ ਚਲਾਉਣਾ ਹੋਵੇ ਸੀਮਤ ਦੇਣਦਾਰੀ ਜਾਂ ਬਿਨਾਂ ਦੇਣਦਾਰੀ ਦੇ ਰਜਿਸਟਰ ਕਰਵਾਈ ਜਾ ਸਕਦੀ ਹੈ। ਜੇ ਸਰਕਾਰ ਆਮ ਜਾਂ ਖ਼ਾਸ ਹੁਕਮਾਂ ਨਾਲ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਦੀ ਦੇਣਦਾਰੀ ਨੂੰ ਸੀਮਤ ਕਰ ਦੇਵੇ। ਸਹਿਕਾਰੀ ਸਭਾ ਵੱਲੋਂ ਘੱਟੋ ਘੱਟ 10 ਉਤਪਾਦਕ ਮੈਂਬਰ ਇਕੱਠੇ ਹੋ ਕੇ ਸਹਿਕਾਰੀ ਸਭਾ ਬਣਾ ਸਕਦੇ ਹਨ ਅਤੇ ਅੱਗੇ ਲਿਖੇ ਦਸਤਾਵੇਜਾਂ ਨਾਲ ਰਜਿਸਟਰਾਰ ਸਹਿਕਾਰੀ ਸਭਾਵਾਂ ਨੂੰ ਰਜਿਸਟਰ ਹੋਣ ਲਈ ਅਰਜ਼ੀ ਦੇ ਸਕਦੇ ਹਨ।

- ਪ੍ਰਸਤਾਵਤ ਸਹਿਕਾਰੀ ਸਭਾ ਦਾ ਨਾਂ
- ਸਹਿਕਾਰੀ ਸਭਾ ਦਾ ਵਰਗ ਅਤੇ ਦੇਣਦਾਰੀ
- ਰਜਿਸਟ੍ਰੇਸ਼ਨ ਲਈ ਪਤਾ
- ਕਾਰਜ ਖੇਤਰ
- ਮੁੱਖ ਉਦੇਸ਼
- ਰਜਿਸਟ੍ਰੇਸ਼ਨ ਸਮੇਂ ਮੈਂਬਰਾਂ ਦੀ ਗਿਣਤੀ
- ਮੈਂਬਰਾਂ ਦਾ ਕਿੱਤਾ
- ਅੰਦਾਜਨ ਮੈਂਬਰਾਂ ਦਾ ਸੁਰੱਖਿਆ ਕਰਜਾ(ਜੇ ਉਧਾਰ ਅਤੇ ਸੇਵਾ ਵਾਲੀ ਸਹਿਕਾਰੀ ਸਭਾ ਹੈ ਤਾਂ)
- ਮੈਂਬਰਾਂ ਵੱਲੋਂ ਗਹਿਣੇ ਰੱਖਿਆ ਖੇਤਰ(ਮਾਰਗੇਜ਼ ਬੈਂਕ)
- ਪੂੰਜੀ(ਸ਼ੇਅਰਾਂ ਅਤੇ ਜਮ੍ਹਾਂ ਫੀਸ ਦੇ ਰੂਪ ਵਿਚ)
- ਸ਼ੇਅਰਾਂ ਦੀ ਕੀਮਤ ਅਤੇ ਅਦਾਇਗੀ ਦਾ ਢੰਗ
- ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਦੇ ਨਾਂ
- ਅਰਜ਼ੀ ਦੇਣ ਵਾਲੇ ਦਾ ਨਾਂ ਅਤੇ ਪਤਾ ਜਿਸ ਨਾਲ ਰਜਿਸਟਰਾਰ ਪੱਤਰ ਵਿਹਾਰ ਕਰੇਗਾ(ਵੇਖੋ ਨਿਯਮ 3)
- ਨਿਯਮਾਂ ਦੀਆਂ 3 ਕਾਪੀਆਂ

## ਸਵੈ ਸਹਿਯੋਗੀ ਸਹਿਕਾਰੀ ਸਭਾਵਾਂ ਅਤੇ ਫੈਡਰਲ ਸਵੈ ਸਹਿਯੋਗੀ ਸਹਿਕਾਰੀ ਸਭਾਵਾਂ ਦੀ ਰਜਿਸਟ੍ਰੇਸ਼ਨ

- ਕੋਈ ਵੀ ਸਵੈ ਸਹਿਯੋਗੀ ਸਹਿਕਾਰੀ ਸਭਾ ਇਸ ਐਕਟ ਅਧੀਨ ਰਜਿਸਟਰ ਨਹੀਂ ਕੀਤੀ ਜਾਵੇਗੀ ਜਦੋਂ ਤਕ ਕਿ ਪੱਕ ਨਾ ਹੋ ਜਾਵੇ ਕਿ ਇਸ ਦੇ ਬਾਏ ਲਾਅ ਸਹਿਕਾਰੀ ਸਭਾਵਾਂ ਦੇ ਸਿਧਾਂਤਾਂ ਅਤੇ ਲੀਹਾਂ ਜਿਵੇਂ ਸੂਚੀਬੱਧ ਕੀਤੇ ਹਨ, ਦੇ ਅਨੁਸਾਰੀ ਹਨ ਅਤੇ ਇੰਡੀਅਨ ਕਾਂਟੈਕਟ ਲਾਅ 1872 ਅਧੀਨ ਘੱਟੋ ਘੱਟ 10 ਮੈਂਬਰ ਇਸ ਲਈ ਸਮਰੱਥ ਹਨ ਜੋ ਕਿ ਵੱਖੋ ਵੱਖਰੇ ਪਰਿਵਾਰਾਂ ਨਾਲ ਸਬੰਧ ਰੱਖਦੇ ਹੋਣ।
- ਰਜਿਸਟ੍ਰੇਸ਼ਨ ਲਈ ਘੱਟੋ ਘੱਟ 10 ਵਿਅਕਤੀ ਜਿਹੜੇ ਸਵੈ ਸਹਿਯੋਗੀ ਸਹਿਕਾਰੀ ਸਭਾ ਬਨਾਉਣੀ ਚਾਹੁੰਦੇ ਹਨ, ਆਪਣੇ ਵੱਲੋਂ ਜਾਂ ਅਧਿਕਾਰਤ ਵਿਅਕਤੀ ਰਾਹੀਂ ਰਜਿਸਟਰਾਰ ਨੂੰ ਦਸਤੀ ਜਾਂ ਰਜਿਸਟਰਡ ਡਾਕ ਰਾਹੀਂ ਅਰਜ਼ੀ ਭੇਜਣਗੇ। ਰਜਿਸਟਰਾਰ ਉਸ ਦੀ ਪਹੁੰਚ ਰਸੀਦ ਦੇਵੇਗਾ।
- ਸਵੈ ਸਹਿਯੋਗੀ ਸਹਿਕਾਰੀ ਸਭਾ ਜਾਂ ਫੈਡਰਲ ਸਹਿਕਾਰੀ ਸਭਾ ਜਿਹੜੀ ਵੀ ਹੋਵੇ ਦੇ ਵੱਲੋਂ ਵਿਅਕਤੀ ਜਾਂ ਅਧਿਕਾਰਤ ਵਿਅਕਤੀ ਇਹ ਸਾਰੀ ਮੰਗੀ ਜਾਣਕਾਰੀ ਰਜਿਸਟਰਾਰ ਨੂੰ ਦੇਵੇਗਾ।
- ਅਰਜ਼ੀ ਹੇਠ ਲਿਖੇ ਦਸਤਾਵੇਜ਼ਾਂ ਸਮੇਤ ਰਜਿਸਟਰਾਰ ਨੂੰ ਦਿੱਤੀ ਜਾਵੇਗੀ।

(ੳ) ਸਵੈ ਸਹਿਯੋਗੀ ਸਹਿਕਾਰੀ ਸਭਾ ਜਾਂ ਫੈਡਰਲ ਜਿਹੜੀ ਵੀ ਹੋਵੇ ਦੇ ਪ੍ਰਸਤਾਵਤ ਬਾਈ ਲਾਅ ਦੀਆਂ ਕਾਪੀਆਂ।

(ਅ) ਮੈਂਬਰਾਂ ਦਾ ਨਾਂ ਪਤਾ ਅਤੇ ਕਿੱਤੇ

(ੲ) ਸ਼ੁਰੂ ਕਰਨ ਵਾਲੇ ਮੈਂਬਰਾਂ ਵੱਲੋਂ ਚੁਣੇ ਮੈਂਬਰਾਂ ਦੇ ਨਾਂ

(ਸ) ਜਿਸ ਮੀਟਿੰਗ ਵਿਚ ਬਾਈ ਲਾਅ ਬਣਾਏ ਗਏ ਹਨ, ਉਸ ਦੀ ਅਸਲ ਕਾਪੀ

(ਹ) ਰਜਿਸਟ੍ਰੇਸ਼ਨ ਫੀਸ ਜਮ੍ਹਾਂ ਕਰਾਉਣ ਦੀ ਰਸੀਦ

(ਕ) ਕੰਪਨੀ ਐਕਟ 2013 ਅਧੀਨ ਉਤਪਾਦਕ ਕੰਪਨੀ ਦੇ 1956 ਦੇ ਕੰਪਨੀ ਐਕਟ ਦੇ ਸੈਕਸ਼ਨ 581 ਸੀ ਦੇ ਸੈਕਸ਼ਨ ਕਲਾਜ਼ 1 ਅਨੁਸਾਰ ਹੇਠ ਲਿਖੇ ਉਤਪਾਦਕ ਕੰਪਨੀ ਬਣਾ ਸਕਦੇ ਹਨ।

- ਕੋਈ ਦਸ ਜਾਂ ਇਸ ਤੋਂ ਵੱਧ ਉਤਪਾਦਕ ਵਿਅਕਤੀ
- ਦੋ ਜਾਂ ਇਸ ਤੋਂ ਵੱਧ ਉਤਪਾਦਕ ਸੰਸਥਾਵਾਂ
- ਦਸ ਜਾਂ ਇਸ ਤੋਂ ਵੱਧ ਵਿਅਕਤੀ ਅਤੇ ਉਤਪਾਦਕ ਸੰਸਥਾਵਾਂ

ਡੀ.ਆਈ.ਐਨ. ਲਈ ਅਰਜ਼ੀ

ਪ੍ਰਸਤਾਵਤ ਉਤਪਾਦਕ ਕੰਪਨੀ ਦੇ ਡਾਇਰੈਕਰ ਡੀ.ਆਈ.ਐਨ.( ਡਾਇਰੈਕਟਰ ਆਈਡੈਂਟਿਟੀ ਨੰਬਰ) ਲਈ ਡੀ.ਆਈ.ਆਰ ਨੂੰ ਮੰਗੇ ਕਾਗ਼ਜ਼ਾਂ ਨਾਲ ਅਰਜ਼ੀ ਦੇਣਗੇ।

# ਉਤਪਾਦਕ ਕੰਪਨੀ ਬਨਾਉਣੀ

ਨਾਂ ਸੁਰੱਖਿਅਤ ਰੱਖਣ ਲਈ : ਨਾਂ ਸੁਰੱਖਿਅਤ ਰੱਖਣ ਲਈ ਸਾਰੇ ਪ੍ਰਸਤਾਵ ਕਰਨ ਵਾਲਿਆਂ ਦੇ ਡੀ.ਆਈ.ਐਨ./ਪੈਨ ਨੰਬਰ ਲਈ ਫਾਰਮ ਆਈ.ਐਨ.ਸੀ. ਨੂੰ ਦਿੱਤਾ ਜਾਵੇਗਾ। ਅਜਿਹਾ ਦਿੱਤਾ ਨਾਂ ਰਜਿਸਟਰਾਰ ਨੂੰ ਰਜਿਸਟ੍ਰੇਸ਼ਨ ਲਈ ਦੇਣ ਦੀ ਮਿਤੀ ਤੋਂ 60 ਦਿਨਾਂ ਲਈ ਸੁਰੱਖਿਅਤ ਰਹੇਗਾ। ਹਰ ਉਤਪਾਦਕ ਕੰਪਨੀ ਦੇ ਅਖੀਰ ਵਿਚ ਆਖਰੀ ਸ਼ਬਦ ਪ੍ਰੋਡਿਊਸਰ ਕੰਪਨੀ ਲਿਮਟਿਡ ਚਾਹੀਦਾ ਹੈ।

ਨਾਂ ਦੀ ਪ੍ਰਵਾਨਗੀ ਲਈ ਮਾਪਦੰਡ : ਕੰਪਨੀ ਇਨਕਾਰਪੋਰੇਸ਼ਨ ਰੂਲ ਦੇ ਚੈਪਟਰ 11 ਦੇ ਨਿਯਮ 8 ਅਨੁਸਾਰ ਨਾਂ ਅਣਚਾਹਿਆ ਨਹੀਂ ਹੋਣਾ ਚਾਹੀਦਾ।

ਜ਼ਰੂਰੀ ਕਾਗ਼ਜ਼

- ਉਤਪਾਦਕ ਕੰਪਨੀ ਦਾ ਨਾਂ
- ਅਧਿਕਾਰਤ ਅਤੇ ਇਕੱਠੀ ਕੀਤੀ ਪੂੰਜੀ
- ਸਾਰੇ ਮੁਢਲੇ ਦਸ ਮੈਂਬਰ ਜਿਹੜੇ ਫਾਰਮ ਭਰਨ ਸਮੇਂ ਹੋਣ, ਦੇ ਨਾਂ
- ਜੇ ਕਿਸੇ ਸਬਸਕ੍ਰਾਈਬਰ ਵਿਚ ਤਬਦੀਲੀ ਹੋਵੇ ਤਾਂ ਕੋਈ ਇਤਰਾਜ਼ ਨਹੀਂ ਨੱਥੀ ਕੀਤਾ ਜਾਵੇ।
- ਇਨਕਾਰਪੋਰੇਸ਼ਨ ਦਸਤਾਵੇਜ਼ਾਂ ਦੇ ਨਾਲ ਗਾਹਕ ਸਬਸਕ੍ਰਾਈਬਰ ਸ਼ੀਟ, ਮੈਮੋਰੈਂਡਮ ਆਫ ਐਸੋਸੀਏਸ਼ਨ ਅਤੇ ਆਰਟੀਕਲ ਆਫ ਐਸੋਸੀਏਸ਼ਨ ਵੀ ਹੋਣ।
- ਸਾਰੇ ਸਬਸਕ੍ਰਾਈਬਰਾਂ ਵੱਲੋਂ ਨੋਟਰੀ ਵੱਲੋਂ ਤਿਆਰ ਕੀਤੇ ਹਲਫ਼ੀਆ ਬਿਆਨ।
- ਵਕੀਲ, ਕੰਪਨੀ ਸੈਕਟਰੀ ਜਾਂ ਚਾਰਟਰ ਅਕਾਊਂਟੈਂਟ ਜਾਂ ਕੌਸਟ ਅਕਾਊਂਟੈਂਟ ਜਿਸ ਨੂੰ ਵੀ ਕੰਪਨੀ ਨੇ ਅਧਿਕਾਰਤ ਤੌਰ ਤੇ ਕੰਮ ਦਿੱਤਾ ਹੋਵੇ, ਘੋਸ਼ਣਾ ਕਰੇਗਾ ਕਿ ਐਕਟ ਸੈਕਸ਼ਨ 7 ਦੇ(1)(ਬੀ)ਦੀਆਂ ਸਾਰੀਆਂ ਲੋੜੀਂਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਹਨ।
- ਸਾਰੇ ਸਬਸਕ੍ਰਾਈਬਰਾਂ ਦੇ ਪੈਨ ਕਾਰਡਾਂ ਦੀਆਂ ਕਾਪੀਆਂ।
- ਪਛਾਣ ਦੇ ਸਬੂਤ ਵਜੋਂ ਅਧਾਰ ਕਾਰਡ, ਡਰਾਈਵਿੰਗ ਲਾਈਸੈਂਸ, ਵੋਟਰ ਕਾਰਡ, ਪਾਸਪੋਰਟ ਆਦਿ।



- ਰਿਹਾਇਸ਼ ਦੇ ਸਬੂਤ ਵਜੋਂ ਬਿਜਲੀ ਮੋਬਾਈਲ ਟੈਲੀਫੋਨ ਦਾ ਬਿਲ ਆਦਿ।
- ਖੇਤੀ ਕਰਨ ਦੇ ਸਬੂਤ ਵਜੋਂ 7/14ਐਬਸਟ੍ਰੈਕਟ ਜਾਂ ਖੇਤੀਬਾੜੀ ਜ਼ਮੀਨ ਦਾ ਤਹਿਸੀਲਦਾਰ ਤੋਂ ਪ੍ਰਮਾਣ ਪੱਤਰ(ਰਾਜ ਤੋਂ ਰਾਜ ਖੇਤੀਬਾੜੀ ਕਰਨ ਦੇ ਸਬੂਤ ਵੱਖੋ ਵੱਖਰੇ ਹਨ)
- ਡੀ.ਆਈ.ਆਰ.-2ਫਾਰਮ ਵਿਚ ਡਾਇਰੈਕਟਰ ਵਜੋਂ ਕੰਮ ਕਰਨ ਦੀ ਸਹਿਮਤੀ
- ਰਜਿਸਟਰਡ ਦਫਤਰ ਦਾ ਬਿਜਲੀ ਦਾ ਬਿਲ
- ਰਜਿਸਟਰਾਰ ਦੇ ਅਧਿਕਾਰ ਵਿਚ ਹੈ ਕਿ ਉਹ ਵਕੀਲ, ਕੰਪਨੀ ਸਕੱਤਰ, ਚਾਰਟਡ ਅਕਾਊਂਟੈਂਟ, ਕੌਸਟ ਅਕਾਊਂਟੈਂਟ ਜਿਹੜਾ ਕੰਪਨੀ ਬਨਾਉਣ ਲਈ ਅਤੇ ਉਸ ਸਬਸਕ੍ਰਾਈਬਰ ਦਾ ਨਾਂ ਜਿਸ ਦਾ ਨਾਂ ਇਨਕਾਰਪੋਰੇਸ਼ਨ ਡਾਕੂਮੈਂਟ ਵਿਚ ਹੋਵੇ, ਦੇ ਬਿਆਨ ਨੂੰ ਮੰਨ ਲਵੇ ਕਿ ਇਹ ਸਾਰੇ ਲੋੜੀਂਦੇ ਕਾਗ਼ਜ਼ ਪੂਰੇ ਹਨ ਅਤੇ ਐਕਟ ਦੀਆਂ ਸਾਰੀਆਂ ਜ਼ਰੂਰਤਾਂ ਅਤੇ ਨਿਯਮ ਪੂਰੇ ਕਰ ਲਏ ਗਏ ਹਨ।
- ਪ੍ਰਮਾਣ-ਪੱਤਰ ਰਜਿਸਟਰਾਰ ਵੱਲੋਂ ਦਫਤਰੀ ਮੋਹਰ ਸਮੇਤ ਪ੍ਰਮਾਣਿਤ ਕੀਤਾ ਜਾਵੇ।
- ਇਹ ਪ੍ਰਮਾਣ ਪੱਤਰ ਇਸ ਗੱਲ ਦਾ ਨਿਰਨਾਇਕ ਸਬੂਤ ਹੈ ਕਿ ਉਤਪਾਦਕ ਕੰਪਨੀ ਦਿੱਤੇ ਨਾਂ ਤੇ ਬਣ ਚੁੱਕੀ ਹੈ।

## ਸੋਸਾਇਟੀ ਰਜਿਸਟ੍ਰੇਸ਼ਨ ਐਕਟ ਅਧੀਨ ਸੋਸਾਇਟੀ ਰਜਿਸਟਰ ਕਰਨ ਦੀ ਵਿਧੀ

- ਸੋਸਾਇਟੀ ਬਨਾਉਣਾ : ਸੋਸਾਇਟ. ਰਜਿਸਟ੍ਰੇਸ਼ਨ ਐਕਟ 1860 ਅਧੀਨ ਕੋਈ ਵੀ 7 ਜਾਂ ਵੱਧ ਵਿਅਕਤੀ ਕਿਸੇ ਸਾਹਿਤਕ ਵਿਗਿਆਨਕ ਜਾਂ ਦਾਨੀ ਮੰਤਵ ਲਈ ਐਸੋਸੀਏਸ਼ਨ ਆਫ ਮੈਮੋਰੰਡਮ ਰਾਹੀਂ ਆਪਣਾ ਨਾਂ ਦੇ ਸਕਦੇ ਹਨ ਅਤੇ ਰਜਿਸਟਰਾਰ ਕੋਲ ਰਜਿਸਟਰ ਹੋ ਸਕਦੇ ਹਨ। ਸੋਸਾਇਟੀ ਰਜਿਸਟ੍ਰੇਸ਼ਨ ਐਕਟ 1860 ਦੇ ਸੈਕਸ਼ਨ 20 ਅਧੀਨ ਹੇਠ ਲਿਖੀਆਂ ਸੋਸਾਇਟੀਆਂ ਰਜਿਸਟਰ ਹੋ ਸਕਦੀਆਂ ਹਨ।

  ਦਾਨੀ ਸੰਸਥਾਵਾਂ, ਫੌਜੀ ਯਤੀਮਾਂ ਦਾ ਫੰਡ ਜਾਂ ਇੰਡੀਆ ਦੇ ਕਿਸੇ ਵੀ ਪ੍ਰੋਵੈਂਸਸ ਸੋਸਾਇਟੀ, ਵਿਗਿਆਨ, ਸਾਹਿਤ ਜਾਂ ਕੋਮਲ ਕਲਾਵਾਂ, ਜ਼ਰੂਰੀ ਗਿਆਨ ਹੇਠਾਂ ਪਹੁੰਚਾਉਣ ਲਈ, ਸਿਆਸੀ ਸਿੱਖਿਆ ਲਈ ਲਾਇਬ੍ਰੇਰੀਆਂ ਬਨਾਉਣ ਅਤੇ ਚਲਾਉਣ ਲਈ, ਮੈਂਬਰਾਂ ਲਈ ਜਾਂ ਆਮ ਜਨਤਾ ਲਈ ਪੜ੍ਹਨ ਕਮਰੇ ਜਾਂ ਜਨਤਕ ਅਜਾਇਬ ਘਰਾਂ ਲਈ ਚਿੱਤਰਕਾਰੀ ਲਈ ਗੈਲਰੀਆਂ ਜਾਂ ਹੋਰ ਕਲਾ ਦੇ ਕੰਮਾਂ ਕੁਦਰਤੀ ਇਤਿਹਾਸ ਦੇ ਸੰਗ੍ਰਹਿ, ਤਕਨੀਕੀ ਜਾਂ ਦਾਰਸ਼ਨਿਕ ਕਾਢਾਂ, ਔਜਾਰ ਜਾਂ ਡਿਜ਼ਾਈਨ ਆਦਿ।
- ਸੋਸਾਇਟੀ ਬਨਾਉਣ ਲੱਗਿਆਂ ਹੇਠ ਲਿਖੀਆਂ ਗੱਲਾਂ ਧਿਆਨ ਵਿਚ ਰੱਖੀਆਂ ਜਾਣ :
- 1950 ਦਾ ਐਂਬਲੰਮ ਐਕਟ : ਕੋਈ ਨਾਂ, ਐਂਬਲੰਮ ਦਫਤਰੀ ਮੋਹਰ ਦੀ ਵਰਤੋਂ ਤੋਂ ਰੋਕਦਾ ਹੈ ਜੇ ਉਸ ਦੀ ਅਧਿਕਾਰਤ ਅਧਿਕਾਰੀ ਤੋਂ ਮਨਜ਼ੂਰੀ ਨਾ ਲਈ ਹੋਵੇ। ਇਹ ਐਕਟ ਕੌਮੀ ਹੀਰੋਆਂ ਅਤੇ ਹੋਰ ਨਾਵਾਂ ਦੀ ਵਰਤੋਂ ਤੇ ਵੀ ਰੋਕ ਲਗਾਉਂਦਾ ਹੈ ਜਿਨ੍ਹਾਂ ਦਾ ਐਕਟ ਵਿਚ ਜ਼ਿਕਰ ਕੀਤਾ ਹੋਇਆ ਹੈ। ਸਲਾਹ ਇਹ ਦਿੱਤੀ ਜਾਂਦੀ ਹੈ ਕਿ ਸੋਸਾਇਟੀ ਬਨਾਉਣ ਵਾਲੇ ਸੋਸਾਇਟੀ ਦਾ ਨਾਂ ਰੱਖਣ ਅਤੇ ਰਜਿਸਟਰਡ ਕਰਨ ਤੋਂ ਪਹਿਲਾਂ ਐਕਟ ਨੂੰ ਘੋਖ ਲੈਣ।
- ਕੋਈ ਅਜਿਹਾ ਨਾਂ ਜਿਹੜਾ ਪਹਿਲਾਂ ਰਜਿਸਟਰਡ ਸੋਸਾਇਟੀ ਦਾ ਹੋਵੇ ਜਾਂ ਰਲਦਾ ਮਿਲਦਾ ਹੋਵੇ, ਜਿਸ ਤੋਂ ਆਮ ਲੋਕਾਂ ਨੂੰ ਭੁਲੇਖਾ ਲੱਗ ਸਕਦਾ ਹੈ, ਰੱਖਣ ਤੇ ਰੋਕ ਹੈ। ਉਦਯੋਗ ਵਿਭਾਗ ਦੀ ਵੈਬਸਾਈਟ ਤੇ ਪਹਿਲਾਂ ਸਾਰੀਆਂ ਰਜਿਸਟਰ ਸੋਸਾਇਟੀਆਂ ਦੇ ਨਾਂ ਪਏ ਹਨ ਤਾਂ ਜੋ ਆਮ ਲੋਕ ਅਤੇ ਸੋਸਾਇਟੀ ਬਨਾਉਣ ਵਾਲੇ ਮੈਂਬਰ ਨਾਵਾਂ ਦੀ ਉਪਲੱਬਧਤਾ ਬਾਰੇ ਜਾਣ ਸਕਣ।
- ਮੈਮੋਰੰਡਮ ਆਫ ਐਸੋਸੀਏਸ਼ਨ ਵਿਚ ਹੇਠ ਲਿਖੇ ਵਿਵਰਣ ਸ਼ਾਮਲ ਕਰਨੇ ਹਨ।
  - ਸੋਸਾਇਟੀ ਦਾ ਨਾਂ
  - ਸੋਸਾਇਟੀ ਦਾ ਉਦੇਸ਼
